# ਗ਼ਜ਼ਲ-ਅ.ਗਜ਼ਲ



ਮੈਂ ਨਜ਼ਰ ਸੇ ਪੀ ਰਹਾ ਥਾ ਕਿ ਯਿਹ ਦਿਲ ਨੇ ਬਦ-ਦੁਆ ਦੀ
ਤੇਰਾ ਹਾਥ ਜ਼ਿੰਦਗੀ ਭਰ ਕਭੀ ਜਾਮ ਤਕ ਨਾ ਪਹੁੰਚੇ।


## ਪ੍ਰੀਤਮ ਧੰਜਲ

# ਗ਼ਜ਼ਲ / ਅਗ਼ਜ਼ਲ

ਉਸ ਨੂੰ ਮਿਲਿਆ ਉਸ ਨੂੰ ਚਾਹਿਆ
ਉਹ ਸਦਾ ਦੁਨੀਆਂ ਦੀਆਂ ਖ਼ੁਸ਼ੀਆਂ ਦੀ ਗੱਲ
ਉਹ, ਜਿਹੜੀ ਅੰਦਰ ਨੂੰ ਟੋਹਵੇ ਝਾਤ ਪਾ
ਉਹ ਤਸੱਵਰ ਵੀ ਕਿਸੇ ਅੰਮ੍ਰਿਤ ਦਾ ਪ੍ਰੀਤਮ! ਕੀ ਕਰੇ
ਉੱਗਦੇ ਬੂਟੇ ਦੀ ਜੇ ਕਰਨੀ ਹੈ ਇੱਛਾ ਕਰਨਾ
ਉਂਜ ਤੇ ਆਖਣ ਨੂੰ ਹਮਰਾਜ਼ ਬਣਾਈ ਰੱਖੇ
ਉੱਡਦੇ ਭੁਕਾਨੇ ਅੱਜ ਗਲੀ ਗਲੀ ਫਿਰਦੇ ਨੇ
ਉਨ੍ਹਾਂ ਦੀ ਯਾਦ ਅੱਜ ਆਈ ਜਿਨ੍ਹਾਂ ਨੇ ਸਾਥ ਨਾ ਦਿੱਤਾ
ਉੱਪਰਲੇ ਪਾਣੀ ਦੇ ਵਿਚ ਜਨੂੰਨ ਜਿਹਾ
ਅੰਗੂਰ ਦੀ ਵੱਤਰ 'ਤੇ ਨਹੀਂ ਜ਼ਖ਼ਮ ਉਚੇੜੀ ਦਾ
ਅੱਜ ਆਪਣੇ ਆਪ ਨੂੰ ਹੀ ਮੇਰਾ ਸਵਾਲ ਹੈ
ਅੱਜ ਫਿਰ ਕਾਸਦ ਦੇ ਕੋਲੋਂ ਪੁੱਛ ਲਿਆ
ਅਰਥ ਭਰੀ ਨਿਗਾਹ ਹੈ ਤੇਰੀ
ਅਲਖ ਮੁਕਾਉਣ ਦੀ ਗੱਲ ਕਰਦੇ ਨੇ
ਆ! ਦਲਿੱਦਰ ਦੀ ਕਹਾਣੀ ਛੇੜੀਏ
ਆਜ਼ਾਦੀ ਦੀ ਸ਼ਮ੍ਹਾਂ ਉੱਤੇ
ਆਪਣੇ ਅੰਦਰ ਛੁਪ ਰਹੇ ਸੱਚੇ ਮਨੁੱਖ ਨੂੰ ਦੇਖ ਤੂੰ
ਆਪਣੇ ਆਪ ਨੂੰ ਵੀ ਸੁਣ
ਆਪਣੇ ਲੋਕਾਂ ਦੇ ਗਲ ਤੋਂ ਗ਼ੁਲਾਮੀ ਲਾਹੁਣ ਨੂੰ
ਆਪਣੇ ਵੱਲੋਂ ਮੈਂ ਤਾਂ ਗੱਲਾਂ ਖੁਲ੍ਹੀਆਂ ਕਰਦਾ ਰਿਹਾ
ਐ ਬਿਰਕ ਏਹਸਾਨ ਕਰ ਚੁੱਪ ਨੂੰ ਮਿਟਾ
ਔਕੜਾਂ ਦੀ ਪਾਲ਼ ਦੀ ਚਿੰਤਾ ਨਾ ਕਰ
ਇਸ਼ਕ ਦੀ ਜਾਗੀਰ ਵੀ ਖ਼ਤਰੇ 'ਚ ਹੈ
ਇਹ ਜ਼ਮਾਨਾ ਮੇਰਾ ਹਿੱਸਾ ਤੇ ਮੈਂ ਜ਼ਮਾਨੇ ਦਾ
ਇਹ ਤਬੀਅਤ ਜਦ ਖ਼ੁਦੀ ਦੇ ਰਾਹ 'ਤੇ ਆਉਂਦੀ ਰਹੀ
ਇਹ ਦੁਨੀਆਂ ਹੋਰ ਹੋਣੀ ਸੀ
ਇਹ ਦੁਨੀਆਂ ਜਿਸ ਵਿਚ ਤੂੰ ਰਹਿਨੈ ਸੌੜੀ ਏ
ਇਹ ਵਾਅਦਾ ਸੀ ਕੀਤਾ
ਇਕ ਛੜੱਪਾ ਦੋ ਛੜੱਪੇ ਤਿੰਨ ਛੜੱਪੇ ਜ਼ਿੰਦਗੀ
ਇੰਝ ਆਪਣੀ ਤਬੀਅਤ ਹੈ
ਇਨਸਾਫ਼ ਦਾ ਤਰਾਜ਼ੂ ਜੋ ਜਾਣ ਕੇ ਡੋਲਾਵੇ
ਇਨ੍ਹਾਂ ਰੂਹਾਂ ਨੇ ਤੁਰ ਜਾਣਾ ਇਨ੍ਹਾਂ ਜਿਸਮਾਂ ਨੇ ਮਰ ਜਾਣਾ

ਸਹਿਣ ਲਈ ਤਾਂ ਦਿਲ ਦੇ ਅੰਦਰ
ਸੱਚ ਸੱਚ ਕਹਿੰਦੇ ਰਹੇ ਪਰ ਝੂਠ ਵਿਚ ਰਹਿੰਦੇ ਰਹੇ
ਸੱਜਦਾ ਕੀਤਾ ਤੇ ਨਾ ਗਿਲਾ ਕੀਤਾ
ਸਭ ਦੀ ਆਖ਼ਰੀ ਮੰਜ਼ਿਲ ਨੇ ਭਾਵੇਂ ਲਾ-ਪਤਾ ਹੋਣਾ
ਸਾਡੀ ਕਹਾਣੀ ਪਿਆਰ ਦੀ ਹੋਵੇ ਜਾਂ ਜੰਗ ਦੀ
ਸਾਵਣ ਆਵੇ ਜਾਂ ਨਾ ਆਵੇ
ਹੰਝੂ ਨੂੰ ਦੇਖ ਇਸ ਦੇ ਗੁੰਗੇ ਬਿਆਨ ਦੇਖ
ਹਮਰਾਹੀ ਹਮਝੋਲੀ ਪ੍ਰੀਤਮ!
ਹਰ ਯੁਗ ਵਿਚ ਉੱਠਦਾ ਰਹਿਣਾ ਹੈ
ਹੈ ਜਦੋਂ ਅਪਣੱਤ ਦੇ ਹੀ ਮਿਹਣਿਆਂ ਨੇ ਮਾਰਿਆ
ਹੌਸਲੇ ਦਾ ਸਾਥ ਲੈ ਕੇ ਜਦ ਵੀ ਅੱਗੇ ਜਾਓਗੇ
ਕਦੇ ਕਦੇ ਕੋਈ ਕੁਝ ਨਾ ਕੁਝ ਚੰਗਾ ਲੱਗ ਜਾਵੇ
ਕਦੇ ਖ਼ੁਸ਼ੀਆਂ 'ਚ ਮੈਂ ਕਦੇ ਗ਼ਮੀਆਂ 'ਚ ਮੈਂ
ਕਲਮ ਨੂੰ ਤਲਵਾਰ ਕਰ ਜਾਵਾਂਗਾ ਮੈਂ
ਕੱਲ੍ਹ ਤੇਰੇ ਪਰਵਾਨਿਆਂ ਦੀ
ਕੱਲ੍ਹ ਦਾ ਸਿਰ ਉੱਠਿਆ
ਕਿਸੇ ਇਕ ਦੇ ਸੁਹੱਪਣ ਨਾਲ ਹੀ ਹੋਇਓਂ ਸੁਦਾਈ
ਕਿਸੇ ਦੀ ਭਾਲ 'ਚ ਏਨਾ ਵੀ ਕੀ
ਕਿਸੇ ਬਿਰਕ ਦਾ ਬੁਹੜਾ ਤਾਂ ਸਾਰ ਦੇ ਮੈਨੂੰ
ਕਿਰਣ ਬਣ ਕੇ ਜਦੋਂ ਮੈਂ ਪਾਰਦਰਸ਼ੀ 'ਚੋਂ ਗੁਜ਼ਰ ਜਾਵਾਂ
ਕੁਝ ਇਕ ਖ਼ਾਸ ਕਹਾਣੀਆਂ ਹੋਸਣ
ਕੁਝ ਕੁ ਲੋਕੀ ਇਸ ਤਰ੍ਹਾਂ ਬੀਮਾਰ ਨੇ
ਕੁਦਰਤ ਦਾ ਰੰਗੀਨ ਫ਼ਲਸਫ਼ਾ
ਕੋਈ ਜਾਣੇ ਤਾਂ ਕੀ ਜਾਣੇ!
ਕੌਣ ਸੀ ਜੋ ਖ਼ਾਕ ਤੋਂ ਇਕ ਚੀਜ਼ ਲੈ ਕੇ ਆ ਗਈ
ਕੌਣ ਕਹਿੰਦਾ ਹੈ ਕਿ ਮੰਦਰ ਵਿਚ ਖ਼ੁਦਾ ਹੁੰਦਾ ਨਹੀਂ
ਖ਼ਬਤ ਹੋਈ ਜ਼ਿੰਦਗੀ ਪਰਿਵਾਰ ਵਿਚ ਰੁਜ਼ਗਾਰ ਵਿਚ
ਖ਼ਾਮੀਆਂ ਅਕਸਰ ਫ਼ਸਾਨਾ ਬਣਦੀਆਂ
ਖ਼ੁਦ-ਮਿਜ਼ਾਜੀ ਦਾ ਸਮਾਂ ਹੈ ਦੋਸਤੋ!
ਗੱਲ ਸਾਫ਼ ਸਾਫ਼ ਕਹਿ ਕੇ ਫਿਰ ਵੀ ਛੁਪਾਈ ਉਸ ਨੇ
ਗ਼ਲਤੀ ਤਾਂ ਇਕ ਬਹਾਨਾ ਹੈ ਜੋ ਹੋਣਾ ਹੈ ਉਹ ਹੋਣਾ ਹੈ
ਗੀਤ ਹਾਂ ਸੰਗੀਤ ਹਾਂ ਆਵਾਜ਼ ਹਾਂ

ਗੁਝੀਆਂ ਰਮਜ਼ਾਂ 'ਚ ਤਾਅਨੇ ਭਾਲਦਾ ਹਾਂ
ਘਰ ਤਾਂ ਉਹ ਹੁੰਦਾ ਹੈ
ਘੋਖਿਆਂ ਹੈ ਜ਼ਿੰਦਗੀ ਨੂੰ ਬਾਰ ਬਾਰ
ਚੱਲੇ ਸਾਂ ਮੰਜ਼ਿਲਾਂ ਨੂੰ
ਚਿਰ-ਕਾਲ ਤੋਂ ਇਹ ਬੰਦਾ
ਚੇਤਨਾ ਕਾਫ਼ਰ ਬਣਾ ਕੇ ਛੱਡ ਗਈ
ਜੰਗਲ ਦੇ ਵਿਚ ਬੁਲਬੁਲ ਕੋਈ
ਜੰਗਲ ਵਿਚ ਛੱਡ ਆਓ
ਜਦ ਆਪਣੀਆਂ ਨਜ਼ਰਾਂ ਸਾਹਵੇਂ
ਜਦ ਤਾਈਂ ਆਸਾਂ ਦੇ ਨਾਲ
ਜਦ ਤੇਰੇ ਕੋਲ ਆਪਣੇ ਹੀ ਬੋਲ ਆਉਣਗੇ
ਜਦ ਤਕ ਆਦਮੀ ਹੀ ਆਦਮੀ ਦੇ ਨਾਲ
ਜਾ ਰਹੇ ਨੇ ਆਪਣੇ ਆਪਣੇ ਘਰਾਂ ਨੂੰ ਛੱਡ ਕੇ
ਜਿਸ ਸੱਭਿਤਾ ਨੂੰ ਫੁਰਨਾ ਫੁਰਿਆ
ਜਿਸ ਦੇ ਵਿਚ ਸੂਲੀ ਹੀ ਨਾ ਅੰਜਾਮ ਹੈ
ਜ਼ਿੰਦਗੀ ਸਾਰੀ ਸੁਵਾਰ ਨਾ ਹੋਵੇ
ਜ਼ਿੰਦਗੀ ਤਾਂ ਉਮਰ ਭਰ ਸੌਦਾ ਰਿਹਾ ਹੈ
ਜ਼ਿੰਦਗੀ ਦਾ ਜਵਾਬ ਕੀ ਹੋਵੇ!
ਜ਼ਿੰਦਗੀ ਬਸ ਦੋ ਤੇ ਦੋ ਮਿਲ ਕੇ ਜੋ ਹੁੰਦੇ ਚਾਰ
ਜੀਵਨ ਦੇ ਰਸਤਿਆਂ ਦੀ ਹਸਰਤ
ਜੀਵਨ ਦੇ ਰਾਹਾਂ 'ਚ ਜਦ ਵੀ
ਜੋ ਵੀ ਚਾਹਿਆ ਉਹ ਨਹੀਂ ਮਿਲਦਾ ਰਿਹਾ
ਝੀਲ ਵਿਚ ਸੁੱਟ ਕੇ
ਝੂਠ ਵਾਂਗੂੰ ਸੱਚ ਦਾ ਦਰਜਾ ਨਹੀਂ
ਝੋਕ ਆ ਕੇ ਨੀਦ ਦੀ
ਤੜਪ ਤੜਪ ਕੇ ਮਰਨਾ ਬਦਤਰ ਹੁੰਦਾ ਹੈ
ਤਾਰਾ ਟੁੱਟਾ ਕਿਸ ਦੇ ਭਾਗੀਂ
ਤੁਰਦੀ ਤੁਰਦੀ ਹੈ ਜਵਾਨੀ ਤੁਰ ਗਈ
ਤੁਰਨ ਵੇਲੇ ਦੇਖੀਆਂ ਜਦ ਅੱਖੀਆਂ ਨਮ
ਤੁਰੇਗਾ ਤੁਰੇਗਾ ਤੁਰੇਗਾ ਸਦਾ ਹੀ
ਤੂੰ ਆਪਣੇ ਵਰਗਾ ਰੌਸ਼ਨ ਖ਼ਿਆਲ ਦੇ ਮੈਨੂੰ
ਤੇਰੀ, ਦੁਨੀਆਂ 'ਚ ਪਤਲੀ ਹੀ ਹਾਲਤ ਰਹੀ
ਤੇਰੇ ਦਿਲ ਦੀ ਜੋ ਦਿਲ ਜਾਣੇ

ਦਰਦ ਵਧ ਕੇ ਜਦੋਂ ਦਵਾ ਨਾ ਬਣੇ
ਦਿਨ ਮੇਰੀ ਇਕੱਲਤਾ ਦੇ ਬਦਲ ਜਾਂਦੇ ਤਾਂ
ਦੀਵਾ ਜੋ ਨ੍ਹੇਰੀ ਦੇ ਵਿਚ ਜਗਾ ਗਿਆ
ਦੀਵਾਲੀ ਦੀ ਜਗਮਗ ਤਕ ਕੇ
ਦੂਸਰਿਆਂ ਨੂੰ ਦੋਸ਼ੀ ਕਹਿਣਾ
ਦੇਖ ਕੇ ਦੂਸਰਾ ਤਸਵੀਰ ਦਾ ਪਾਸਾ ਏਥੇ
ਦੋ ਤੇ ਦੋ ਮਿਲ ਚਾਰ ਹੁੰਦੇ ਰਹਿਣਗੇ
ਦੋ ਨੀਅਤਾਂ ਮੇਰੇ ਘਰ ਆਈਆਂ
ਨਹੀਂ ਮਖ਼ਮਲਾਂ ਜੇ ਤਾਂ ਨਾ ਸਹੀ
ਨਾ ਛੁਪਾ ਸਕਿਆ ਇਹ ਚਿਹਰਾ
ਨਾ ਰਸਤਿਆਂ ਨੂੰ ਯਾਦ ਕਰਨਾ
ਨਾਗਮਣੀ ਦੀ ਭਾਲ 'ਚ ਤੁਰਿਆ
ਨਿੱਕੀਆਂ ਨਿੱਕੀਆਂ ਗੱਲਾਂ ਸੁਣ ਕੇਹੱਸੇ ਸੀ
ਨਿੱਖਰੇ ਆਸਮਾਨਾ 'ਤੇ ਘਟਾਵਾਂ
ਨਿੱਘੀ ਥਾਂ 'ਤੇ ਠੰਡੀਆਂ ਆਹਾਂ ਭਰਦੇ ਨੇ
ਨ੍ਹੇਰਾ ਹੋਇਆ ਅੱਖਾਂ ਵਿਚ ਸੁਪਨਾ ਲੈ ਆਂਦਾ
ਪੱਥਰਾਂ ਨੂੰ ਬੂਟਿਆਂ ਨੂੰ
ਪੰਧ ਹੋ ਜਾਵੇ ਸੁਹਾਵਾ ਦੋਸਤਾਂ ਦੇ ਵਾਸਤੇ
ਪਰਬਤ ਨੂੰ ਪਰ ਲਗਾਓ
ਪਿਆਰ ਦੇ ਰਾਹ 'ਤੇ ਦੇਖੋ ਜੀ!
ਪੁਲ਼ 'ਤੇ ਬੈਠਾ ਵਗਦਾ ਪਾਣੀ ਦੇਖ ਰਿਹਾ ਹਾਂ
ਫਿਰ ਘਨੇੜੀ ਚਾੜ੍ਹ ਕੇ ਜਜ਼ਬਾਤ
ਫੁੱਲਾਂ ਦੀ ਭਰੀ ਡਾਲੀ
ਬਸ ਜ਼ਖ਼ਮ ਹੀ ਨਾ ਹੁੰਦੇ
ਬਦਲਦੇ ਮੌਸਮ ਦੇ ਸਾਏ
ਬੱਦਲੀਆਂ ਉੱਠ ਕੇ ਘਟਾ ਬਣ ਵਰ੍ਹੀਆਂ
ਬੁੱਤਘਾੜਾ ਸਖ਼ਤ ਮਿਹਨਤ ਦੀ ਸਜ਼ਾ
ਬੇਬਸੀ ਆਪਣੀ ਕਦੇ ਇੰਜ ਵੀ
ਭਟਕਦੀ ਤੇ ਵਿਲਕਦੀ ਰੂਹ ਕੋਲ
ਭਰੋਸਾ ਜੇ ਕਿਸੇ ਤੇ ਨਹੀਂ
ਭੁੱਲਿਆਂ ਭਟਕਿਆਂ ਅੱਗੇ
ਮਾਣ ਹਰ ਇਕ ਨੂੰ ਜਵਾਨੀ 'ਤੇ ਬੜਾ ਹੁੰਦਾ
ਮਿਲਦੀ ਰਹੀ ਕਿਸੇ ਦੀ ਮੁਹੱਬਤ ਕਦੀ ਕਦੀ

ਮੁਸ਼ਕਿਲ ਬੜਾ ਹੈ ਲਾਉਣਾ ਅਨੁਮਾਨ ਜ਼ਿੰਦਗੀ ਦਾ
ਮੁਹੱਬਤਾਂ ਦੀ ਯਾਦ ਆਈ
ਮੁਮਕਿਨ ਹੈ ਆਦਮੀ ਦਾ ਲਾਚਾਰ ਨਾ ਹੋਣਾ
ਮੁਰਸ਼ਦ ਮਿਲੇ ਜਾਂ ਕੋਈ ਆਪਣਾ ਸਖਾ ਮਿਲੇ
ਮੇਰੀ ਨਿਗਾਹ ਨਾਲ ਜਦ ਰਲ਼ ਗਈ ਤੇਰੀ
ਮੇਰੇ ਜਿਸਮ ਦੇ ਆਕਾਰ ਤੋਂ ਬਾਹਰ ਵਜੂਦ ਤੇਰਾ
ਮੈਂ ਹਿੱਲਾਂ ਜਾਂ ਨਾ ਹਿੱਲਾਂ ਮੇਰਾ ਸਾਇਆ ਟਿਕ ਨਾ ਬਹਿੰਦਾ
ਮੈਂ ਆਪਣੇ ਲਈ ਇਕ ਖ਼ੁਸ਼ੀ ਮੰਗਦਾ ਹਾਂ
ਮੈਂ ਜ਼ਿੰਦਗਾਨੀ ਦੇ ਸਫ਼ਰ ‘ਤੇ ਸ਼ਰਮਸਾਰ ਨਹੀਂ
ਮੈਂ ਪੱਥਰ ਹਾਂ ਓ ਦੁਨੀਆਂ ਵਾਲਿਓ!
ਮੈਂ ਮਿੱਟੀ ਮੇਰਾ ਤਾਂ ਦਿਲ ਹੈ, ਤੂੰ ਅੰਬਰ ਨਿਰਮੋਹੀ ਵੇ!
ਮੈਂ ਵੱਡਾ ਜਾਂ ਛੋਟਾ ਅਕਸਰ ਹੁੰਦਾ ਹਾਂ
ਯਾਦਾਂ ਦੀ ਪੰਡ ਚੁੱਕੀ ਤੇ ਕਦੇ ਉਤਾਰ ਲਈ
ਰੱਦੀ ਦੇ ਕਾਗ਼ਜ਼ਾਂ ਤੋਂ ਬੇੜੀ ਬਣਾ ਲਈ
ਰਾਜ਼ ਕਿਸ ਦਾ ਭਲਾ ਨਹੀਂ ਹੁੰਦਾ!
ਲਲਾਰੀ ਕੌਣ ਸੀ
ਵਹਿਣ ਦੇ ਪਾਣੀ ਤਾਂ ਸਾਰੇ ਇਕ ਜਿਹੇ
ਵਕਤ ਕੋਈ ਵੀ ਭਲਾ ਨਾ ਹੋਵੇ
ਵਗਦੇ ਪਾਣੀ ਦੇ ਵਿਚ ਪੱਥਰ ਇੰਜ ਪਿਆ ਹੈ
ਵਫ਼ਾ ਨਾ ਭਾਲ਼ ਕਿਸੇ ਮਨ ਦੀ ਉਚਾਈ ਅੰਦਰ
ਵਰ੍ਹਦੇ ਸਾਉਣ ਨੇ ਵਿੱਛੜੇ ਦਿਲਾਂ ‘ਤੇ ਇੰਜ ਗੁਜ਼ਾਰੀ ਹੈ
ੜ ਐ ਖ਼ੁਦਾ ਤਾਕਤ-ਏ-ਇਜ਼ਹਾਰ-ਮੁਹੱਬਤ ਦੇ ਦੇ
ੜ ਹਮ ਕੈਸੇ ਸਕੂੰ ਪਾਏਂ! ਗਰਦਸ਼ ਮੇਂ ਸਿਤਾਰੇ ਹੈਂ
ੜ ਹਮ ਤੂਫ਼ਾਨੋਂ ਕੇ ਸ਼ੁਅਲੇ ਹੈਂ
ੜ ਹਮੇਂ ਆਜ਼ਾਦ ਕਰਾਨੀ ਹੈ ਉਲਫ਼ਤੋਂ ਕੀ ਜਮੀਂ
ੜ ਕਦਮ ਛੋੜਤੇ ਜਾ ਰਹੇ ਹੈਂ ਨਿਸ਼ਾਂ
ੜ ਕਿਸੀ ਕੀ ਯਾਦ ਸੇ ਮੰਜ਼ਰ ਉਠਾ ਕੇ ਦੇਖਨਾ ਚਾਹਾ
ੜ ਖ਼ੁੱਦਾਰੀਓਂ ਕੀ ਆਬਰੂ ਰੁਸਵਾ ਕਰੇਂ ਤੋ ਕਿਉਂ
ੜ ਜਹਾਂ ਕੁਛ ਦੇਰ ਪਹਿਲੇ ਨਾ ਥਾ ਪਰਬਤ ਦੇਖਨਾ ਯਾਰੋ!
ੜ ਮੇਰੇ ਰੂਪ ਕੀ ਕਹਾਨੀ
ੜ ਯੂੰ ਅਪਨੀ ਬਾਤ ਸੁਨਾ ਕੇ ਚਲੇ ਗਏ
ੜ ਰੂਹ-ਏ-ਸੁਬਹ ਕੇ ਦੌਰ ਮੇਂ

ਉਸ ਨੂੰ ਮਿਲਿਆ, ਉਸ ਨੂੰ ਚਾਹਿਆ, ਸੋਚਾਂ ਵਿਚ ਸਮਾਇਆ,
ਮੁੜਨ ਵੇਲੇ ਉਸ ਨੂੰ ਛੱਡ ਆਇਆ, ਸੋਚਾਂ ਨਾਲ ਲਿਆਇਆ।

ਸਦਕੇ ਜਾਵਾਂ ਉਸ ਹਸਤੀ ਦੇ, ਜਿਸ ਨੇ ਯਾਦ ਬਣਾਈ,
ਅੱਖ ਦੇ ਫੋਰ 'ਚ ਸੌ ਕੋਹਾਂ ਦਾ ਵਿਛੜਿਆ ਆਣ ਮਿਲਾਇਆ।

ਹਰ ਇਕ ਟੁਕੜਾ ਸ਼ੀਸ਼ਾ ਬਣਿਆਂ, ਜਦ ਇਕ ਸ਼ੀਸ਼ਾ ਟੁੱਟਿਆ,
ਇੱਕੋ ਹੀ ਚਿਹਰੇ ਨੂੰ ਉਹਨਾਂ, ਵੱਖੋ ਵੱਖ ਦਿਖਾਇਆ।

ਫੁੱਲ ਖਿੜਦਾ ਹੈ, ਸਿਰਫ਼ ਖਿੜਨ ਲਈ, ਬਾਗ਼ ਹੋਵੇ ਜਾਂ ਜੰਗਲ,
ਕੋਈ ਦੇਖੇ, ਜਾਂ ਕਿਉਂ ਦੇਖੇ? ਉਸ ਦੇ ਚਿੱਤ ਨਾ ਆਇਆ।

ਉਸ ਪੱਥਰ ਵੱਲ ਦੇਖ, ਪ੍ਰੀਤਮ! ਉਸ ਦੇ ਵਿਚ ਰੱਬ ਲੁਕਿਆ,
ਬੁੱਤ-ਘਾੜੇ ਨੇ ਕਰ ਇਸ਼ਾਰਾ, ਮੈਨੂੰ ਆਖ ਸੁਣਾਇਆ।

ਉਹ ਸਦਾ ਦੁਨੀਆਂ ਦੀਆਂ ਖ਼ੁਸ਼ੀਆਂ ਦੀ ਗੱਲ ਕਰਦਾ ਰਿਹਾ,
ਦੁਨੀਆਂ ਦੇ ਬੰਦਿਆਂ ਦੀਆਂ ਕਮੀਆਂ ਦੀ ਗੱਲ ਕਰਦਾ ਰਿਹਾ।

ਕੋਝ ਤਾਂ ਕੀ! ਓਸ ਨੇ ਤਾਂ, ਸੁਹਜ ਵੀ ਸ਼ਿੰਗਾਰਿਆ,
ਅਬਲਾਵਾਂ ਤੋਂ ਲੈ ਕੇ ਉਹ ਪਰੀਆਂ ਦੀ ਗੱਲ ਕਰਦਾ ਰਿਹਾ।

ਉਹ, ਜਿਨ੍ਹਾਂ ਦੇ ਕਾਗ਼ਜ਼ਾਂ ਦੇ ਫੁੱਲ ਵੀ ਨੇ ਮਹਿਕਦੇ,
ਲੋਕਤਾ ਲਈ ਲਿਖ ਰਹੇ, ਕਵੀਆਂ ਦੀ ਗੱਲ ਕਰਦਾ ਰਿਹਾ।

ਇੱਕਨਾਂ ਨੂੰ ਤੇ ਚੰਦ 'ਤੇ ਜਾਕੇ ਵੱਸਣ ਦਾ ਸ਼ੌਕ ਸੀ,
ਉਹ ਤੇ ਕੁੱਲੀਆਂ, ਗੁੱਲੀਆਂ, ਜੁੱਲੀਆਂ ਦੀ ਗੱਲ ਕਰਦਾ ਰਿਹਾ।

ਧਰਮ-ਗ੍ਰੰਥਾਂ ਦੇ ਨਿਰੇ ਉਪਦੇਸ਼ਕਾਂ ਦੇ ਕੋਲ ਬਹਿ,
ਇਲਮ ਤੇ ਅਮਲ ਦੀਆਂ ਕੜੀਆਂ ਦੀ ਗੱਲ ਕਰਦਾ ਰਿਹਾ।

ਹਰੀਆਂ-ਭਰੀਆਂ ਫ਼ਸਲਾਂ ਦਾ, ਅਹਿਸਾਸ ਵੀ ਹੈ ਸੀ ਮਗਰ,
ਮਾਰੂਥਲ ਵਿਚ ਝੁਲਸੀਆਂ ਕਣੀਆਂ ਦੀ ਗੱਲ ਕਰਦਾ ਰਿਹਾ।

ਬੁੱਸੇ ਹੋਏ ਵਿਹੜਿਆਂ ਵਿਚ ਦੇਖ ਕੇ ਸੁਗੰਧੀਆਂ,
ਕੀ ਉਨ੍ਹਾਂ 'ਤੇ ਬੀਤਦੀ! ਕਲੀਆਂ ਦੀ ਗੱਲ ਕਰਦਾ ਰਿਹਾ।

ਫੇਰ ਉੱਠ ਕੇ ਆਪਣੇ ਮੱਥਿਓਂ ਪਸੀਨਾ ਪੂੰਝਦਾ,
ਜੋ ਅਜੇ ਨਾ ਲੱਗੀਆਂ, ਝੜੀਆਂ ਦੀ ਗੱਲ ਕਰਦਾ ਰਿਹਾ।

ਆਪਣੇ ਗਿਰਦੇ ਬਣਾਈਆਂ, ਆਪ ਹੀ ਪਾਬੰਦੀਆਂ,
ਆਪ ਹੀ ਉਹ ਮਸਤਕਾਂ, ਤਲੀਆਂ ਦੀ ਗੱਲ ਕਰਦਾ ਰਿਹਾ।

ਇਸ ਲਈ ਕਿ ਕਿਸ ਤਰੀਕੇ ਨਾਲ ਮੁਕਤੀ ਮਿਲ ਸਕੇ,
ਚਾਰੇ ਪਾਸੇ ਵਲਗਣਾ ਵਲ਼ੀਆਂ ਦੀ ਗੱਲ ਕਰਦਾ ਰਿਹਾ।

ਜਿੱਤ ਹੋਵੇ ਸੱਚ ਦੀ, ਪ੍ਰੀਤਮ! ਜ਼ਰੂਰੀ ਤਾਂ ਨਹੀਂ,
'ਜਿੱਤ ਕੇ ਵੀ ਬਾਜ਼ੀਆਂ ਹਰੀਆਂ' ਦੀ ਗੱਲ ਕਰਦਾ ਰਿਹਾ।

ਤਤਕਰਾ

ਉਹ, ਜਿਹੜੀ ਅੰਦਰ ਨੂੰ ਟੋਹਵੇ, ਝਾਤ ਪਾ,
ਬੇ-ਜ਼ੁਬਾਨੀ ਵਿਚ ਹੀ ਕੋਈ ਬਾਤ ਪਾ।

ਮੁੱਲ ਨਹੀਂ, ਜੋ ਕਦਰ ਪਾਵੇ ਹੁਸਨ ਦੀ,
ਇਹ ਤਕਾਜ਼ਾ ਰੱਖਦੀ, ਔਕਾਤ ਪਾ।

ਹੁਨਰ ਸਿੱਖਿਆ ਜਾਂਦਾ ਹੈ, ਮਿਲਦਾ ਨਹੀਂ,
ਸਾਧਨਾ ਤੇ ਲਗਨ ਤੋਂ ਇਹ ਦਾਤ ਪਾ।

ਗ਼ਮ ਨਾ ਕਰ ਜੇਕਰ ਖ਼ੁਸ਼ੀ ਜਾਂਦੀ ਰਹੀ,
ਤੁਰ ਹੀ ਜਾਂਦਾ ਹੈ ਇਹ ਦਿਨ ਵੀ ਰਾਤ ਪਾ।

ਤੇਰੇ ਲਈ, ਤੇਰੇ ਤੋਂ ਵੱਧ ਕੁਝ ਵੀ ਨਹੀਂ,
ਪ੍ਰੀਤਮ! ਆਪਣੇ ਆਪ ਦੀ ਸੌਗਾਤ ਪਾ।

ਉਹ ਤਸੱਵਰ ਵੀ ਕਿਸੇ ਅੰਮ੍ਰਿਤ ਦਾ ਪ੍ਰੀਤਮ ਕੀ ਕਰੇ!
ਜੋ ਵੀ ਸਮਝੇ ਏਸ ਕੁਦਰਤ ਨੂੰ, ਮਰਨ ਤੋਂ ਨਾ ਡਰੇ।

ਏਸ ਕੁਦਰਤ ਵਿਚ ਹਮੇਸ਼ਾ ਤਾਜ਼ਗੀ ਰੱਖਣ ਲਈ,
ਇਹ ਜ਼ਰੂਰੀ ਹੈ ਕਿ ਏਥੇ ਜੋ ਵੀ ਜਨਮੇ ਉਹ ਮਰੇ।

ਧਰਤੀਆਂ ਦੇ ਵਾਸਤੇ, ਕਿਉਂ ਨਿਯਮਤ ਰਾਹ ਨੇ?
ਹਨ ਬੜੇ ਅਸਮਾਨ ਪਸਰੇ, ਆਸਮਾਨਾਂ ਤੋਂ ਪਰੇ।

ਰੱਖਿਆ ਹੈ ਧਰਤੀਆਂ ਨੂੰ ਚੰਦਾਂ ਨੇ ਸ਼ਿਸ਼ਕੇਰ ਕੇ,
ਆਈ ਤੇ ਆ ਕੇ ਵੀ ਕੋਈ, ਕਦਮ ਪਾਸੇ ਨਾ ਧਰੇ।

ਕਿਹੜੀ ਖਿੱਚ ਦਾ ਢਿੱਡ ਏਦਾਂ ਖਾਂਦੇ ਖਾਂਦੇ ਪਾਟਿਆ?[1]
ਤੇ ਜਾ ਨਗੀਨੇ ਖਿੱਲਰੇ, ਅਸਮਾਨ ਦੀ ਹਰ ਨੁੱਕਰੇ।

ਇੱਛਣ-ਵਾਲੇ [2] ਦੀ ਕਦੇ ਜੇ ਇੱਛਾ-ਸ਼ਕਤੀ ਨਾ ਰਹੀ,
ਨਾਭ-ਕਮਲ 'ਚੋਂ ਕਿੰਜ ਕੋਈ ਫੇਰ ਬ੍ਰਹਮਾਂ ਉੱਭਰੇ।

ਨੁਕਤਾਚੀਨੀ ਆਪਣੇ ਵੀ ਦਿਲ ਨੂੰ ਕਲਪਾ ਕੇ ਗਈ,
ਜੇ ਸੁਖੀ ਰਹਿਣਾ ਤਾਂ ਪ੍ਰੀਤਮ! ਨਾ ਪਰਖ ਖੋਟੇ ਖਰੇ।

---

1. ਬਿੱਗ-ਬੈਂਗ ਵੱਲ ਇਸ਼ਾਰਾ ਹੈ। 2. ਪਰਮਾਤਮਾ

ਤਤਕਰਾ

ਉੱਗਦੇ ਬੂਟੇ ਦੀ, ਜੇ ਕਰਨੀ ਹੈ ਤਾਂ, ਇੱਛਾ ਕਰਨਾ,
ਫੁੱਲ ਮਰ ਜਾਣ ਤਾਂ, ਖ਼ੁਸ਼ਬੋ ਦਾ ਨਾ ਪਿੱਛਾ ਕਰਨਾ।

ਕਿਤੇ ਜਜ਼ਬਾਤ ਦਾ ਸੈਲਾਬ ਨਾ ਬਰਬਾਦ ਕਰੇ,
ਦਿਲ ਦੇ ਦਰਿਆ ਨੂੰ ਉਸ ਵਾਸਤੇ, ਗਹਿਰਾ ਕਰਨਾ।

ਏਸ ਦੁਨੀਆਂ ਨੇ ਪਿੰਜਰੇ ਵੀ ਬਣਾ ਰੱਖੇ ਨੇ,
ਮਾਣ ਉੱਡ ਜਾਣ ਦਾ, ਖੰਭਾਂ ‘ਤੇ ਨਾ ਬਹੁਤਾ ਕਰਨਾ।

ਉਹ, ਜਿਹੜੇ ਰੋਕਦੇ ਰਸਤਾ, ਤੇਰੀ ਰਵਾਨੀ ਦਾ,
ਇਹ ਹੀ ਬਿਹਤਰ ਹੈ ਉਹਨਾਂ ਤੋਂ ਕਿਨਾਰਾ ਕਰਨਾ।

ਜੋ ਲੈ ਗਈ ਹੈ ਖ਼ੁਸ਼ਬੋ, ਲਿਆਏਗੀ ਮੁੜ ਕੇ,
ਇਸ ਬਹਾਰ ‘ਤੇ ਪ੍ਰੀਤਮ! ਇਹ ਭਰੋਸਾ ਕਰਨਾ।

ਉਂਜ ਤੇ ਆਖਣ ਨੂੰ, ਹਮਰਾਜ਼ ਬਣਾਈ ਰੱਖੇ,
ਫਿਰ ਵੀ ਇਸ ਦਿਲ ਨੇ ਕਈ ਰਾਜ਼ ਛੁਪਾਈ ਰੱਖੇ।

ਜਾਣਦੇ ਹੋਏ ਭਲਾ, ਕਿਉਂ ਕੋਈ ਅਨਜਾਣ ਬਣੇ?
ਆਪਣੇ ਸੀਨੇ ’ਤੇ, ਇਕ ਬੋਝ ਉਠਾਈ ਰੱਖੇ!

ਕਿੰਨਾ ਹਨੇਰ ਮਚਾਉਂਦੀ ਹੈ ਜ਼ਾਤ ਆਦਮ ਦੀ,
ਆਪਣੀ ਲੋੜ ਲਈ ਦੀਵੇ ਨੂੰ ਜਲਾਈ ਰੱਖੇ।

ਮੈਂ ਅੱਜ ਫੇਰ ਚਿੜਾਇਆ ਹੈ ਮੂੰਹ ਸ਼ੀਸ਼ੇ ਨੂੰ,
ਭਾਵ ਦਿਲ ਦੇ ਮੈਂ ਚਿਹਰੇ ਤੋਂ ਮਿਟਾਈ ਰੱਖੇ।

ਹਰ ਨਵੇਂ ਦਿਨ ਹੀ, ਤੂਫ਼ਾਨ ਖੜਾ ਹੋ ਜਾਵੇ,
ਕਿੰਨੀ ਕੁ ਦੇਰ ਕੋਈ ਪੈਰ ਜਮਾਈ ਰੱਖੇ!

ਉਹਦੀ ਖ਼ੁਸ਼ੀ ਦੇ ਵਿਚ ਹੀ ਹੈ ਜੇ ਖ਼ੁਸ਼ੀ ‘ਪ੍ਰੀਤਮ’
ਤਾਂ ਕੀ ਫ਼ਰਕ ਜੇ ਹਸਾਈ ਜਾਂ ਰੁਆਈ ਰੱਖੇ।

ਤਤਕਰਾ

ਉੱਡਣੇ ਭੁਕਾਨੇ ਅੱਜ ਗਲੀ ਗਲੀ ਫਿਰਦੇ ਨੇ,
ਆਸੇ ਪਾਸੇ ਚੱਲਦੇ ਨੇ ਤੀਰ,
ਧਰਤੀ ਦੇ ਵਾਸੀਆਂ ਨੂੰ, ਧਰਤੀ ਨੇ ਸਾਂਭਣਾ ਹੈ,
ਏਹੋ ਹੀ ਹੈ ਇਨ੍ਹਾਂ ਦੀ ਅਖ਼ੀਰ।

ਤੇਹ ਸਾਡੀ ਚੰਦਰੀ, ਹੈ ਜਾਗੇ ਸਹਿਰਾ ਜੇਹੀ,
ਘੜੀ ਘੜੀ ਮੰਗਦੀ ਹੈ ਨੀਰ,
ਘਟਾ-ਘਨਘੋਰ ਦੀ ਥਾਂ, ਇਹ ਭਲਾ ਕੀ ਕਰੇ!
ਬੱਦਲਾਂ ਦੀ ਪਾਟੀ ਹੋਈ ਲੀਰ।

'ਮਨਸਾ' ਆਵਾਰਾ ਹੋਈ, ਕਦੇ ਸੱਚ ਲੋਚਦੀ ਨਾ,
ਕਿਹੋ ਜਿਹੀ ਏਸ ਦੀ ਤਾਸੀਰ!
ਆਪਣੇ ਬੇਗਾਨਿਆਂ ਦੀ ਸੋਚ ਵਿਚ ਖਚੀ ਹੋਈ,
ਭੁੱਲ ਜਾਵੇ ਆਪਣੀ ਜ਼ਮੀਰ।

ਸਾਰੇ ਹਥਿਆਰਾਂ ਨਾਲੋਂ ਹੋਣ ਅਹਿਸਾਸ ਤਿੱਖੇ,
ਲੰਘ ਜਾਂਦੇ ਦਿਲਾਂ ਨੂੰ ਵੀ ਚੀਰ,
ਆਸ ਤੋਂ ਬੇ-ਆਸ ਜਾਂ ਨਿਰਾਸ ਕਰ ਛੱਡਦੇ ਨੇ,
ਇਹੀ ਨੇ ਜੋ ਬੰਨ੍ਹਦੇ ਨੇ ਧੀਰ।

ਪੁੱਛ ਲਵੇ ਕੋਈ ਜੇ ਕਿ, " ਆਦਰ ਕੀ ਹੋਵੰਦਾ ਹੈ?"
ਖਿੱਚ ਦੇਣਾ ਪਾਣੀ 'ਚ ਲਕੀਰ।
ਜਾਂ ਇਹ ਕਿਸੇ ਸ਼ਰਧਾ ਨੇ ਦਿਲ ਤੋਂ ਬਣਾਈ ਜਿਹੜੀ,
ਹਵਾ ਵਿਚ ਲਿਖੀ ਤਹਿਰੀਰ।

ਤੇਰੇ ਤੁਰ ਜਾਣ ਪਿੱਛੋਂ, 'ਪ੍ਰੀਤਮ' ਦੇ ਕੋਲ ਹੈ ਜੋ,
ਦਿਲ ਵਿਚ ਤੇਰੀ ਤਸਵੀਰ,
ਇਹੀ ਇਹਦੀ ਜ਼ਿੰਦਗੀ ਤੇ ਜ਼ਿੰਦਗੀ ਦੀ ਰਾਸ ਹੈ ਨੀ!
ਏਹੋ ਹੀ ਹੈ ਏਸ ਦੀ ਜਾਗੀਰ।

ਉਨ੍ਹਾਂ ਦੀ ਯਾਦ ਅੱਜ ਆਈ, ਜਿਨ੍ਹਾਂ ਨੇ ਸਾਥ ਨਾ ਦਿੱਤਾ।
ਉਨ੍ਹਾਂ ਦੀ ਤੱਕੀ ਪਰਛਾਈ, ਜਿਨ੍ਹਾਂ ਨੇ ਸਾਥ ਨਾ ਦਿੱਤਾ।

ਆਪਣੀ ਜਾਨ 'ਤੇ ਖੇਡੇ, ਕਿਸੇ ਦੀ ਬੇਬਸੀ ਤਕ ਕੇ,
ਘੜੇ ਨੇ ਆਪਣੀ ਵਾਹ ਲਾਈ, ਝਨਾਂ ਨੇ ਸਾਥ ਨਾ ਦਿੱਤਾ।

ਹਨੇਰੇ ਰਾਹ ਚੱਲਣ ਲਈ, ਪਤੰਗੇ ਆਸਰਾ ਚਾਹਿਆ,
ਉਹਦੇ 'ਤੇ ਅੱਗ ਬਰਸਾਈ, ਸ਼ਮ੍ਹਾਂ ਨੇ ਸਾਥ ਨਾ ਦਿੱਤਾ।

ਭੌਰੇ ਤੋਂ ਮੁਹੱਬਤ ਦੇ, ਸੁਹਾਣੇ ਗੀਤ ਤਾਂ ਸੁਣ ਲਏ,
ਜਾਂ ਉਹਦੀ ਜਿੰਦ ਕੰਡਿਆਈ, ਫੁੱਲਾਂ ਨੇ ਸਾਥ ਨਾ ਦਿੱਤਾ।

ਹਜ਼ਾਰਾਂ ਕੋਸ਼ਿਸ਼ਾਂ ਕਰਕੇ ਵੀ, ਆਪਣੇ ਦਿਲ 'ਚੋਂ ਉਨ੍ਹਾਂ ਦੀ,
ਗਈ ਨਾ ਯਾਦ ਭੁਲਾਈ, ਜਿਨ੍ਹਾਂ ਨੇ ਸਾਥ ਨਾ ਦਿੱਤਾ।

ਤਤਕਰਾ

ਉਪਰਲੇ ਪਾਣੀ ਦੇ ਵਿਚ ਜਨੂੰਨ ਜਿਹਾ,
ਡੂੰਘੇ ਪਾਣੀ ਵਿਚ ਹੈ ਬੜਾ ਸਕੂਨ ਜਿਹਾ।

ਸਾਗਰ ਦੇ ਥੱਲੇ ਦਾ ਪਾਣੀ ਕੀ ਸੋਚੇ?
ਇਹ ਵਿਸ਼ਾ ਹੈ ਅੰਬਰ ਦੇ ਮਜ਼ਮੂਨ ਜਿਹਾ।

ਹੋਰ ਨੇ ਸੂਰਜ, ਚੰਦ, ਸਿਤਾਰੇ, ਧਰਤੀਆਂ,
ਕਿਤੇ ਤਾਂ ਕੁਝ ਹੋਣੈ, ਬੰਦੇ ਦੀ ਜੂਨ ਜਿਹਾ।

ਵਾਰੇ ਜਾਨ ਜੋ ਹੱਸ ਕੇ ਤੇਰੀ ਖ਼ੁਸ਼ੀ ਲਈ,
ਉਹ ਨਾਤਾ ਵੀ ਹੋ ਸਕਦਾ ਹੈ ਖ਼ੂਨ ਜਿਹਾ।

ਐ ਪ੍ਰੀਤਮ! ਉਹ ਸੰਬੰਧ ਨਾ ਰਹਿ ਜਾਂਦਾ,
ਆਣ ਖਲੋਵੇ ਜਿਸ ਦੇ ਵਿਚ ਕਾਨੂੰਨ ਜਿਹਾ।

ਅੰਗੂਰ ਦੀ ਵੱਤਰ ‘ਤੇ, ਨਹੀਂ ਜ਼ਖ਼ਮ ਉਚੇੜੀਦਾ,
ਬੇਕਾਰ ‘ਚ ਯਾਦਾਂ ਦਾ ਖ਼ੂਹਾ ਨਹੀਂ ਗੇੜੀਦਾ।

ਕੁਝ ਪਲ ਦਾ ਸ਼ੁਗਲ ਬਣੇ ਤੇ ਫੇਰ ਫ਼ਨਾਹ ਹੋਵੇ,
ਅੰਜਾਮ ਇਹੀ ਹੁੰਦਾ, ਕਾਗ਼ਜ਼ ਦੀ ਬੇੜੀ ਦਾ।

‘ਨਿਰਾਸਾ’ ਦਾ ਬੇਸ਼ੱਕ, ‘ਭਵਿੱਖ’ ਤਾਂ ਧੁੰਧਲਾ ਹੈ,
ਸ਼ਾਇਦ ਕੋਈ ਆ ਜਾਵੇ, ਬੂਹਾ ਨਹੀਂ ਭੇੜੀਦਾ।

ਸੁਖ-ਚੈਨ ਦੀ ਮੰਗ ਅਗਰ ‘ਇਕੱਲਤਾ’ ਦੇ ਜਾਵੇ,
ਕਿਉਂ ਸ਼ਿਕਵਾ ਕਰੇ ਕੋਈ ਇਸ ਆਪ-ਸਹੇੜੀ ਦਾ!

ਇਹ ਮੈਲ ਕੁਬੋਲਾਂ ਦੀ, ਦੂਜੇ ‘ਤੇ ਸਿੱਟ ਕੇ ਵੀ,
ਆਪਣੇ ਹੀ ਦਾਮਨ ਨੂੰ, ਖ਼ੁਦ ਆਪ ਲਬੇੜੀ ਦਾ।

ਦੋ ਵਿਛੜੀਆਂ ਰੂਹਾਂ ਨੂੰ, ਮੇਲੀਂ, ਜੇ ਮੇਲ ਸਕੇਂ,
ਇਹ ਹੀ ਤਾਂ ਕਰਮ ਹੁੰਦਾ, ਟਿੰਡਾਂ ‘ਤੇ ਰੇੜੀ ਦਾ।

ਮਹਫ਼ਿਲ ਵਿਚ ਬੈਠਾ ਵੀ ਦਿਲਗੀਰ ਰਿਹਾਂ, ਪ੍ਰੀਤਮ!
ਕੁਝ ਅਸਰ ਤਾਂ ਹੋਣਾ ਸੀ ਤੇਰੀ ਗੱਲ ਛੇੜੀ ਦਾ।

ਤਤਕਰਾ

ਅੱਜ ਆਪਣੇ ਆਪ ਨੂੰ ਹੀ, ਮੇਰਾ ਸਵਾਲ ਹੈ,
ਕਿ ਇਕ ਜਵਾਬ ਨੂੰ ਵੀ ਆਪਣੀ ਹੀ ਭਾਲ ਹੈ।

ਜਿਸ ਚੈਨ ਦੇ ਲਈ, ਤੂੰ ਫਿਰਦਾ ਹੈਂ ਭਟਕਦਾ,
ਤੇਰੇ ਜਨਮ ਤੋਂ ਲੈ ਕੇ, ਤੇਰੇ ਹੀ ਨਾਲ ਹੈ।

ਚਿਹਰੇ ਤੋਂ ਦਾਗ਼ ਲਾਹਵਾਂ, ਸ਼ੀਸ਼ਾ ਖਰੋਚ ਕੇ,
ਬਾ-ਖ਼ਬਰ ਹੀ ਨਹੀਂ ਹਾਂ, ਮੇਰਾ ਇਹ ਹਾਲ ਹੈ।

ਇਕ ਉਮਰ ਬੀਤ ਜਾਵੇ, ਪਰਤਾਂ ਉਤਾਰਦੇ,
ਕਿ ਸਵਾਲ ਦਾ ਜਵਾਬ ਵੀ ਏਥੇ ਸਵਾਲ ਹੈ।

ਪਰਛਾਵਿਆਂ ਦੇ ਨਾਲ ਸਹਿਮਤ ਨਾ ਹੋ ਸਕਾਂ,
ਪਰਛਾਵਿਆਂ ਦਾ ਆਪਣਾ ਵੱਖਰਾ ਖ਼ਿਆਲ ਹੈ।

'ਪੁੰਨ-ਪਾਪ' ਸਿਰਜ ਦੇਣਾ, ਸੁਧਾਰ ਵਾਸਤੇ,
ਕੁਝ ਦਾਨਿਆਂ ਦੀ, ਖੇਡੀ ਬਾਜ਼ੀ ਦੀ ਚਾਲ ਹੈ।

ਸਚਖੰਡ ਤੇ ਸੁਰਗ ਦਾ ਪ੍ਰੀਤਮ! ਇਹ ਫ਼ਰਕ ਹੈ,
ਪਹਿਲਾ ਜਮਾਲ ਹੈ ਤੇ ਦੂਜਾ ਕਮਾਲ ਹੈ।

ਅੱਜ ਫਿਰ, ਕਾਸਿਦ ਦੇ ਕੋਲੋਂ, ਸੁਣ ਲਿਆ ਜਦ ਤੇਰਾ ਨਾਮ,
ਫਿਰ ਕੋਈ ਬੇਬਸ ਕਹਾਣੀ, ਕਰ ਗਈ ਹੈ ਬੇ-ਆਰਾਮ।

ਮੈਂ ਜਦੋਂ ਕਾਸਿਦ ਤੋਂ ਤੇਰਾ ਸੁਖ ਸੁਨੇਹਾ ਪੁਛਿੱਆ,
ਉਸ ਦੀ ਖ਼ਾਮੋਸ਼ੀ ਤੋਂ ਮੈਨੂੰ ਮਿਲ ਗਿਆ ਤੇਰਾ ਪੈਗ਼ਾਮ।

ਵਿਕ ਗਏ ਜਿਣਸਾਂ ਦੇ ਵਾਂਗੂੰ, ਹਸਰਤਾਂ ਦੇ ਚਾਅ ਤੇਰੇ,
ਤੇਰੀਆਂ ਨਜ਼ਰਾਂ ਦੀ ਮਸਤੀ, ਤੇਰਿਆਂ ਹੋਠਾਂ ਦਾ ਜਾਮ।

ਦੱਬ ਗਿਆ ਗੋਰੀ ਦਾ ਰੋਣਾ, ਸ਼ਹਿਨਾਈ ਦੇ ਸ਼ੋਰ ਵਿਚ,
ਜੁੱਰਤਾਂ ਦੇ ਬੋਲ ਨੂੰ ਵੀ ਪੈ ਗਈ ਕੋਈ ਲਗਾਮ।

ਖ਼ੂਨ ਫਿਰ ਉਲਫ਼ਤ ਕਿਸੇ ਦਾ ਹੋਇਆ ਹੋਣਾ ਹੈ ਜ਼ਰੂਰ,
ਫੇਰ ਸੂਰਜ ਦੇ ਲਹੂ ਵਿਚ ਲੱਥ ਪੱਥ ਹੋਈ ਹੈ ਸ਼ਾਮ।

ਤਤਕਰਾ

ਅਰਥ ਭਰੀ ਨਿਗਾਹ ਹੈ ਤੇਰੀ, ਭੇਦ ਭਰੀ ਮੁਸਕਾਨ।
ਦੇਖ ਕੇ ਚੱਕਰ ਵਿਚ ਪੈ ਜਾਵੇ, ਸਾਦਾ-ਦਿਲ ਇਨਸਾਨ।

ਤੇਰੀ 'ਲਾਜ', ਅਦਾਵਾਂ ਬਣ ਕੇ, ਗੁੱਝੀਆਂ ਰਮਜ਼ਾਂ ਮਾਰੇ,
ਆਪਣੀ ਗੱਲ ਸਮਝਾਉਣਾ ਚਾਹਵੇ, ਜਿਵੇਂ ਕੋਈ ਸ਼ੈਤਾਨ।

ਸੰਘਣੇ ਪੱਤਿਆਂ ਵਿੱਚੋਂ ਹੋ ਕੇ, ਠੰਡੀ 'ਵਾ ਆਈ ਹੈ,
ਵਿਰਲੇ ਵਿਰਲੇ, ਨਿੱਘੇ ਨਿੱਘੇ, ਜਾਗੇ ਨੇ ਅਰਮਾਨ।

ਤੇਰੀ ਤਪਸ਼ ਵੀ ਮਿਟਣਾ ਚਾਹਵੇ ਤੇ ਮੈਂ ਵੀ ਨਿੱਘ ਭਾਲਾਂ,
ਡਰਦਾ ਹਾਂ ਕਿਤੇ ਦੋਵੇਂ ਮਿਲ ਕੇ ਲੈ ਨਾ ਅਉਣ ਤੂਫ਼ਾਨ ।

ਹਾਲੇ ਤਕ 'ਤੇਰੇ ਚਿਹਰੇ ਦਾ ਅਹਿਸਾਸ' ਮੇਰੇ ਹੱਥਾਂ ਨੂੰ,
'ਇਹ' ਹੱਥਾਂ ਦੀ ਦੁਨੀਆਂ ਸਾਰੀ, 'ਇਹ' ਹੱਥਾਂ ਦੀ ਜਾਨ।

'ਪੱਥਰ-ਘਾੜੇ' ਨੇ ਪੱਥਰ ਵਿਚ, ਆਪਣੀ ਰੂਹ ਪਾਈ ਹੈ,
ਏਸੇ ਕਰਕੇ ਕਹਿੰਦਾ ਹਾਂ ਮੈਂ , ਬੁੱਤਾਂ ਨੂੰ ਭਗਵਾਨ।

ਫਲ ਦੇ ਨਾਲ਼ ਭਰੀ ਟਾਹਣੀ ਜਦ ਖਿੜ ਕੇ ਖੇੜਾ ਹੋਈ,
ਹੌਲੀ ਦੇ ਕੇ ਕੰਨ ਦੇ ਵਿਚ ਕੁਝ ਆਖ ਗਿਆ ਅਸਮਾਨ।

ਦੇਖ 'ਪ੍ਰੀਤਮ'! ਭਾਲ ਤੇਰੀ ਵਿਚ ਕਿੱਥੇ ਕਿੱਥੇ ਪਹੁੰਚੇ,
ਨਾ ਛੱਡਿਆ ਕੋਈ ਬਾਗ ਬਗੀਚਾ, ਨਾ ਛੱਡਿਆ ਸ਼ਮਸ਼ਾਨ।

ਅਲਖ ਮੁਕਾਉਣ ਦੀ ਗੱਲ ਕਰਦੇ ਨੇ।
ਗੰਗਾ ਨਹਾਉਣ ਦੀ ਗੱਲ ਕਰਦੇ ਨੇ।

ਜਿਹੜੀ ਗੱਲ ਕਰ ਕਰਾ ਕੇ ਅੱਕ ਗਏ ਹਾਂ,
ਉਹੀ ਦੁਹਰਾਉਣ ਦੀ ਗੱਲ ਕਰਦੇ ਨੇ।

ਇਕ ਸਵੰਬਰ 'ਚੋਂ ਜਿੱਤ ਕੇ ਆਏ ਨੂੰ,
ਫਿਰ ਆਜ਼ਮਾਉਣ ਦੀ, ਗੱਲ ਕਰਦੇ ਨੇ।

ਜੋ ਇੱਲ ਨੂੰ ਆਪ ਕੋਕੋ ਕਹਿੰਦੇ ਨੇ,
ਸਬਕ ਸਿਖਾਉਣ ਦੀ ਗੱਲ ਕਰਦੇ ਨੇ।

ਉਹ ਨੱਥ ਘੜਾਉਣ ਦੀ ਗੱਲ ਕਰਦੇ ਸੀ,
ਇਹ ਨੱਕ ਵਢਾਉਣ ਦੀ ਗੱਲ ਕਰਦੇ ਨੇ।

ਤਤਕਰਾ

ਆ! ਦਲਿੱਦਰ ਦੀ ਕਹਾਣੀ ਛੇੜੀਏ।
ਆਪਣੇ ਹੀ ਘਰ ਦੀ ਕਹਾਣੀ ਛੇੜੀਏ।

ਉੱਡਣ ਲੱਗਾ ਜੋ ਨਿਸ਼ਾਨਾ ਬਣ ਗਿਆ,
ਕੱਟ ਚੁੱਕੇ ਪਰ' ਦੀ ਕਹਾਣੀ ਛੇੜੀਏ।

ਦਿਲ ਅਤੇ ਦਿਮਾਗ਼ ਜਿਸ ਨੇ ਜਕੜਿਆ,
ਅੱਜ ਦੇ ਡਰ ਦੀ ਕਹਾਣੀ ਛੇੜੀਏ।

ਜਿਸ ਦੀ ਮਜ਼ਦੂਰੀ ਨੇ ਮਹਿਲ ਉਸਾਰਿਆ,
ਓਸ ਬੇਘਰ ਦੀ, ਕਹਾਣੀ ਛੇੜੀਏ।

ਧਰਮ ਦੇ ਨਾਂ 'ਤੇ ਜੋ ਚੋਣਾ ਲੜ ਰਿਹੈ,
ਉਸਦੀ ਪੱਧਰ ਦੀ ਕਹਾਣੀ ਛੇੜੀਏ।

ਜਿਸ ਨੇ 'ਰੇਸ਼ਮ' ਆਪਣੇ ਹੇਠ ਲਕੋ ਲਿਆ,
ਓਸ ਖੱਦਰ ਦੀ ਕਹਾਣੀ ਛੇੜੀਏ।

ਗੱਲਾਂ ਕਰਦੀ ਕਰਦੀ ਜਿਹੜੀ ਰੋ ਪਈ,
ਉਸ ਦੀ ਸੱਧਰ ਦੀ ਕਹਾਣੀ ਛੇੜੀਏ।

ਭਰ ਆਇਆ ਏ ਵਿਹੜਾ ਲਾਸ਼ਾਂ ਨਾਲ ਜੋ,
ਉਸ ਦੇ ਟੱਬਰ ਦੀ ਕਹਾਣੀ ਛੇੜੀਏ।

ਜਿਸਦੀ ਲੰਬਾਈ ਸਦਾ ਛੋਟੀ ਰਹੀ,
ਆਪਣੀ ਚੱਦਰ ਦੀ ਕਹਾਣੀ ਛੇੜੀਏ।

ਜਿਸ ਦੀ ਝੋਲੀ ਖਾਲੀ ਦੀ ਖਾਲੀ ਰਹੀ,
ਉਸ ਮੁਕੱਦਰ ਦੀ ਕਹਾਣੀ ਛੇੜੀਏ।

'ਪ੍ਰੀਤਮ' ਵੀ ਨਾ ਜਿਸ ਨੇ ਪ੍ਰੀਤਮ ਛੱਡਿਆ,
ਉਸ ਤਕੱਬਰ ਦੀ ਕਹਾਣੀ ਛੇੜੀਏ।

ਆਜ਼ਾਦੀ ਦੀ ਸ਼ਮ੍ਹਾਂ ਉੱਤੇ, ਮੈਂ ਪਰਵਾਨੇ ਸੜੇ ਦੇਖੇ,
ਉਡਾਰੂ ਸੋਚ ਦੇ ਖੰਭ ਵੀ ਕਤਲ-ਗਾਹੀਂ ਝੜੇ ਦੇਖੇ।

ਜਿਨ੍ਹਾਂ ਜੋਤੀ-ਕਲਸ ਚੁੱਕੇ, ਅਗਾਹ ਹੋ ਗੀਤ ਵੀ ਗਾਏ,
ਜਦੋਂ ਬਾਰਾਤ ਪਹੁੰਚੀ ਤਾਂ, ਉਹ ਬਾਹਰ ਹੀ ਖੜੇ ਦੇਖੇ।

ਨਾਂ ਲੈ ਲੈ ਸ਼ਹੀਦਾਂ ਦਾ, ਕਈ ਖ਼ੁਦਗ਼ਰਜ਼ ਫਿਰਦੇ ਨੇ,
ਜਿਨਾਂ ਹੱਥੀਂ, ਤਿਜੌਰੀ ਭਰਨ ਲਈ, ਠੂਠੇ ਫੜੇ ਦੇਖੇ।

ਜਵਾਨੀ! ਤੈਨੂੰ ਕਾਬੂ ਕਰਨ ਲਈ, ਬੁੱਢੀ ਸਿਆਂਸਤ ਦੇ,
ਹਰ ਯੁਗ, ਹਰ ਜਗਹ ਉੱਤੇ ਹੀ, ਮਨਸੂਬੇ ਘੜੇ ਦੇਖੇ।

ਜਿਨ੍ਹਾਂ ਨੇ ਬਾਗ ਤਾਂ ਲਾਏ ਮਗਰ ਰਾਖੀ ਨਹੀਂ ਕੀਤੀ,
ਉਨ੍ਹਾਂ ਦੇ ਬਾਗ, ਫ਼ਲ ਦੇਵਣ ਤੋਂ ਪਹਿਲਾਂ ਉੱਜੜੇ ਦੇਖੇ।

ਜਿਨ੍ਹਾਂ ਨੂੰ ਜ਼ਿੰਦਗੀ ਵਿਚ ਗੋਸ਼ਟੀ ਦੀ ਜਾਚ ਨਹੀਂ ਆਈ,
ਪ੍ਰੀਤਮ ਨੇ ਕਈ ਬੇ-ਸਮਝ ਆਪੋ ਵਿਚ ਲੜੇ ਦੇਖੇ।

ਤਤਕਰਾ

ਆਪਣੇ ਅੰਦਰ ਛੁਪ ਰਹੇ, ਸੱਚੇ ਮਨੁੱਖ ਨੂੰ ਦੇਖ ਤੂੰ।
ਰੱਬ ਨੂੰ ਜੇ ਦੇਖਣਾ, ਆਪਣੇ ਹੀ ਮੁੱਖ ਨੂੰ ਦੇਖ ਤੂੰ।

ਵਰਮੀਆਂ 'ਤੇ ਵੀ ਖੜੇ ਧਰਮੀ ਨੇ ਛਾਂਵਾਂ ਕੀਤੀਆਂ,
ਬੇ-ਸ਼ੁਮਾਰ ਪਤਝੜਾਂ ਦੇ ਮਾਰੇ ਰੁੱਖ ਨੂੰ ਦੇਖ ਤੂੰ।

ਤੇਰੀ ਮੰਜ਼ਿਲ ਨਾਲ, ਜੋ ਤੇਰੇ ਕਦਮ ਨੂੰ ਜੋੜਦੀ,
ਓਸ ਪਗ-ਡੰਡੀ ਵਿਚਾਰੀ ਬਾਂਝ-ਕੁੱਖ ਨੂੰ ਦੇਖ ਤੂੰ।

ਜਦ ਕਿਸੇ ਨੂੰ ਜ਼ਖ਼ਮ ਦੇ ਕੇ ਉਸ ਨੂੰ ਰਿਸਦਾ ਦੇਖਦੈਂ,
ਓਸ ਵੇਲੇ ਉਸ ਜ਼ਖ਼ਮ ਵਿਚ ਆਪਣੇ ਦੁੱਖ ਨੂੰ ਦੇਖ ਤੂੰ।

ਉਹ ਸ਼ਾਇਦ ਹਾਲੇ ਵੀ ਦੋ ਪਲ ਜ਼ਿੰਦਗੀ ਨਾ' ਲਟਕਦਾ,
ਉਸਦੀ ਹਮ-ਦਰਦਣ ਬਣੀ ਜੋ ਉਸਦੀ ਭੁੱਖ ਨੂੰ ਦੇਖ ਤੂੰ।

---

ਵਰਮੀ = ਉਹ ਥਾਂ ਜਿੱਥੇ ਸੱਪ ਪਲਦੇ ਹਨ।

ਆਪਣੇ ਆਪ ਨੂੰ ਵੀ ਸੁਣ ਤੇ ਆਪਣੇ ਆਪ ਨੂੰ ਵੀ ਕਹਿ,
ਇਹ ਵੀ ਤਾਂ ਤੇਰੀ ਦੁਨੀਆਂ ਹੈ, ਕਦੇ ਤੂੰ ਏਸ ਵਿਚ ਵੀ ਰਹਿ।

ਤੇਰੇ 'ਮਨ ਦੀ ਤਸੱਲੀ' ਇੰਜ ਮਲਬੇ ਹੇਠ ਆਈ ਹੈ,
ਤੇਰੀ 'ਲੱਭਣ ਦੀ ਕੋਸ਼ਿਸ਼' ਨੇ, ਲਗਾਈ ਤਹਿ ਦੇ ਉੱਤੇ ਤਹਿ।

ਹੌਲੀ ਹੌਲੀ ਕਰਕੇ, 'ਸਹਿਜ' ਦੇ ਮੈਦਾਨ ਵਿਚ ਤੇ ਆ,
ਪਹਾੜੀ ਨਾਲੇ ਵਾਂਗੂੰ, ਦੁਨੀਆਂਦਾਰੀ ਵਿਚ ਤਾਂ ਨਾ ਵਹਿ।

ਆਪਣੇ ਆਪ ਨੂੰ ਵੀ ਕੋਸ, ਆਪਣੇ ਆਪ 'ਤੇ ਵੀ ਹੱਸ,
ਤੂੰ ਲੋਕਾਂ ਨਾਲ ਖਹਿੰਦਾ ਹੈ, ਕਦੇ ਖ਼ੁਦ ਨਾਲ ਵੀ ਤਾਂ ਖਹਿ।

'ਕਲਪ-ਰੁੱਖ' ਕਲਪਨਾ ਤੇਰੀ ਦਾ ਦੂਜਾ ਨਾਮ ਹੈ ਪ੍ਰੀਤਮ!
ਮੂੰਹ ਮੰਗੀਆਂ ਮੁਰਾਦਾਂ ਲੈਣੀਆਂ, ਤਾਂ ਇਸ ਦੀ ਛਾਂਵੇਂ ਬਹਿ।

ਆਪਣੇ ਲੋਕਾਂ ਦੇ ਗਲ ਤੋਂ ਗ਼ੁਲਾਮੀ ਲਾਹੁਣ ਦੀ ਖ਼ਾਤਿਰ,
ਸੁਤੰਤਰ ਰਾਹ ਦਿਖਾਏ ਨੇ, ਸਦਾ ਕੌਮੀ ਸ਼ਹੀਦਾਂ ਨੇ।

ਕਿ ਇਨਸਾਨ ਵਿਕਣੋ ਹਟ ਜਾਵੇ ਬਾਜ਼ਾਰ ਦੇ ਅੰਦਰ,
ਹੈ ਕੋਸ਼ਿਸ਼ ਤੇ ਬੜੀ ਕੀਤੀ, ਸਮੇਂ ਦੇ ਬੈ-ਖ਼ਰੀਦਾਂ ਨੇ।

ਨਾ ਰਿਗਵੇਦ ਦੀ ਰੱਖੀ ਤੇ ਨਾ ਹੀ ਗ੍ਰੰਥ ਦੀ ਰੱਖੀ,
ਨਵੀਂ ਨੀਤੀ ਹੈ ਅਪਣਾਈ, ਪੰਜ-ਆਬੀ ਜਦੀਦਾਂ ਨੇ।

ਪਤਾ ਨਾ ਲਹੂ-ਪਸੀਨਾ ਕੀ! ਪਤਾ ਨਾ ਕਿ ਮੁਸ਼ੱਕਤ ਕੀ!
ਕਦਰ ਆਪਣੀ ਵਿਰਾਸਤ ਦੀ ਕੀ ਕਰਨੀ ਨਾਦੀਦਾਂ ਨੇ!

ਦਹੀਂ ਵਿਚ ਪਾ ਕੇ ਸ਼ੱਕਰ ਖਾਣ ਵਾਲੇ ਜਾਣਦੇ ਪ੍ਰੀਤਮ!
ਉਨ੍ਹਾਂ ਨੂੰ ਜ਼ਿੰਦਗੀ ਆਪਣੀ ਦੇ ਕੋਲੋਂ ਕੀ ਉਮੀਦਾਂ ਨੇ!

ਤਤਕਰਾ

ਆਪਣੇ ਵੱਲੋਂ ਮੈਂ ਤਾਂ ਗੱਲਾਂ ਖੁਲ੍ਹੀਆਂ ਕਰਦਾ ਰਿਹਾ,
ਮੇਰੇ ਤੇ ਉਹਨਾਂ ਵਿਚਾਲੇ ਪਰ ਸਦਾ ਪਰਦਾ ਰਿਹਾ।

ਜਿਸ ਟਾਹਣੀ 'ਤੇ ਆਪ ਸੀ ਉਹ ਓਸੇ ਨੂੰ ਕੱਟਦਾ ਰਿਹਾ,
ਉਸ ਦੀ ਹੁਸ਼ਿਆਰੀ ਦੇ ਉੱਤੇ ਦਿਲ ਮੇਰਾ ਡਰਦਾ ਰਿਹਾ।

ਇਹ ਪਤਾ ਸੀ ਕਿ ਘੜਾ ਕੱਚਾ ਹੈ, ਇਸ ਨੇ ਡੋਬਣਾ,
ਫਿਰ ਵੀ ਮੈਂ 'ਸੋਹਣੀ' ਦੇ ਵਾਂਗੂੰ ਹਰ ਝਨਾਂ ਤਰਦਾ ਰਿਹਾ।

ਗ਼ਮ-ਘਟਾ ਨੂੰ ਜਦ ਵੀ ਯਾਦਾਂ ਘੇਰ ਕੇ ਲੈ ਆਈਆਂ,
ਨਿੱਕੀ ਨਿੱਕੀ ਬੂੰਦ ਦਾ ਮੀਂਹ, ਦੇਰ ਤਕ ਵਰ੍ਹਦਾ ਰਿਹਾ।

ਏਸ ਦੁਨੀਆਂ ਵਿਚ ਪ੍ਰੀਤਮ! ਇਹ ਤਅੱਜਬ ਤਾਂ ਨਹੀਂ,
ਕਿ ਕੋਈ ਕਰਦਾ ਰਿਹਾ ਹੈ ਤੇ ਕੋਈ ਭਰਦਾ ਰਿਹਾ।

ਐ ਬਿੜਕ! ਅਹਿਸਾਨ ਕਰ, ਚੁੱਪ ਨੂੰ ਮਿਟਾ,
ਅੰਨ੍ਹਿਆਂ ਦੀ ਸੂਝ ਨੂੰ ਰਸਤਾ ਦਿਖਾ।

ਐ ਮੁਕੱਦਰ! ਬੀਜ ਦਾ ਖੰਡਰ ਬਣਾ,
ਮਲਬਿਆਂ 'ਚੋਂ, ਇਕ ਨਵਾਂ ਜੀਵਨ ਉਗਾ।

ਐ ਤਮੰਨਾ! ਕੁਝ ਕੁ ਧੀਰਜ ਲੈ ਕੇ ਆ,
ਕਾਹਲੀ ਕਾਹਲੀ ਕਰਕੇ ਨਾ ਐਵੇਂ ਸਤਾ।

ਐ ਸ਼ਮ੍ਹਾਂ! ਹੋਵੇ ਸਦਾ ਤੇਰਾ ਭਲਾ!
ਦੂਜਿਆਂ ਲਈ, ਤੂੰ ਰਹੀ ਖ਼ੁਦ ਨੂੰ ਜਲਾ।

ਫੇਰ ਇਕ ਤੂਫ਼ਾਨ ਦੇ ਆਸਾਰ ਨੇ,
ਫੇਰ ਚੜ੍ਹ ਕੇ ਆਈ ਹੈ, ਕਾਲੀ ਘਟਾ।

ਕੌਣ ਮੰਨੇਗਾ ਅ-ਪੁੱਛਿਆ ਮਸ਼ਵਰਾ,
ਕੌਣ ਆਖੇਗਾ, " ਓ ਰਹਿਬਰ ਸ਼ੁਕਰੀਆਂ"।

ਵਕਤ ਦੇ ਪੈਰਾਂ 'ਚ ਝਾਂਜਰ ਪਾ ਦਿਓ,
ਲੱਗ ਸਕੇ 'ਪ੍ਰੀਤਮ' ਨੂੰ ਆਉਂਦੇ ਦਾ ਪਤਾ।

ਤਤਕਰਾ

ਔਕੜਾਂ ਦੀ ਪਾਲ ਦੀ ਚਿੰਤਾ ਨਾ ਕਰ,
ਰਾਹ 'ਚ ਲੱਗੇ ਜਾਲ ਦੀ ਚਿੰਤਾ ਨਾ ਕਰ।

ਸਾਦਗੀ ਨੂੰ ਕੌਣ ਲੁੱਟਣ ਆਏਗਾ!
ਗੋਦੜੀ ਦੇ ਲਾਲ ਦੀ ਚਿੰਤਾ ਨਾ ਕਰ।

ਮੈਂ ਕੋਈ ਮੋਤੀ ਜਾਂ ਹੀਰਾ ਤਾਂ ਨਹੀਂ,
ਨਾ, ਮੇਰੀ ਸੰਭਾਲ ਦੀ ਚਿੰਤਾ ਨਾ ਕਰ।

ਕੱਲ੍ਹ, ਅੱਜ ਤੇ ਭਲਕ, ਅਣਹੋਣੀ ਨਹੀਂ,
ਤੂੰ ਕਿਸੇ ਵੀ ਕਾਲ ਦੀ ਚਿੰਤਾ ਨਾ ਕਰ।

ਪੈਰਾਂ ਦੇ ਛਾਲੇ ਸਦਾ ਰਹਿੰਦੇ ਨਹੀਂ,
ਧੀਮੀ ਹੋਈ ਚਾਲ ਦੀ ਚਿੰਤਾ ਨਾ ਕਰ।

ਅਗਲੇ ਦਮ ਦੀ ਹੀ ਨਹੀਂ ਸਾਨੂੰ ਖ਼ਬਰ!
ਦਿਨ ਮਹੀਨੇ ਸਾਲ ਦੀ ਚਿੰਤਾ ਨਾ ਕਰ।

ਇਹ ਤੇ ਜਨਮੀ ਹੀ ਹੈ ਚੋਟਾਂ ਖਾਣ ਨੂੰ,
ਪਰਉਪਕਾਰੀ ਢਾਲ ਦੀ ਚਿੰਤਾ ਨਾ ਕਰ।

ਫਲ ਗਵਾ ਕੇ ਵੀ ਇਹ ਜੀਣਾ ਜਾਣਦੀ,
ਪ੍ਰੀਤਮ! ਸੱਖਣੀ ਡਾਲ ਦੀ ਚਿੰਤਾ ਨਾ ਕਰ।

ਇਸ਼ਕ ਦੀ ਜਾਗੀਰ ਵੀ ਖ਼ਤਰੇ 'ਚ ਹੈ,
ਹੁਸਨ ਦੀ ਤਸਵੀਰ ਵੀ ਖ਼ਤਰੇ 'ਚ ਹੈ।

ਦੌਲਤਾਂ, ਹੁਸਨਾਂ ਤੇ ਇੱਛਾਵਾਂ 'ਚ ਆ,
ਧਰਮੀ ਦੀ ਤਾਸੀਰ ਵੀ ਖ਼ਤਰੇ 'ਚ ਹੈ।

ਭੜਕ ਉੱਠੀ ਹੈ ਬਗ਼ਾਵਤ ਇਸ ਤਰ੍ਹਾਂ,
ਲੋਹੇ ਦੀ ਜ਼ੰਜੀਰ ਵੀ ਖ਼ਤਰੇ 'ਚ ਹੈ।

ਦੇਖਣ ਵਾਲੇ ਦਾ, ਹੁਣ ਡਰ ਨਾ ਰਿਹਾ,
ਹੁਣ ਭੋਲੀ ਜ਼ਮੀਰ ਵੀ ਖ਼ਤਰੇ 'ਚ ਹੈ।

ਜੋਤਸ਼ੀਆਂ ਦੀ ਘਨੇੜੀ ਚੜ੍ਹ ਗਈ,
ਚੰਡੀ ਦੀ ਤਦਬੀਰ ਵੀ ਖ਼ਤਰੇ 'ਚ ਹੈ।

ਤਾਕਤਾਂ ਵੰਡਣ ਦੀ ਆਈ ਹੈ ਘੜੀ,
ਹਮ-ਵਤਨ, ਹਮ-ਸ਼ੀਰ ਵੀ ਖ਼ਤਰੇ 'ਚ ਹੈ।

ਖ਼ਤਰਾ, ਖ਼ਤਰਨਾਕ ਥਾਂ 'ਤੇ ਆ ਗਿਆ,
ਪ੍ਰੀਤਮ! ਇਸ ਦਾ ਤੀਰ ਵੀ ਖ਼ਤਰੇ 'ਚ ਹੈ

ਤਤਕਰਾ

ਇਹ ਜ਼ਮਾਨਾ ਮੇਰਾ ਹਿੱਸਾ ਤੇ ਮੈਂ ਜ਼ਮਾਨੇ ਦਾ,
ਇਹੀ ਅਨਵਾਨ ਜਚੇਗਾ ਮੇਰੇ ਅਫ਼ਸਾਨੇ ਦਾ।

ਜਨਮ ਦਰਿਆ ਦਾ ਆਕਾਸ਼ 'ਚ ਹੁੰਦਾ ਦੇਖਾਂ,
ਕਿੰਨਾ ਅਸ਼ਾਂਤ ਹੈ ਇਹ ਤੋਫ਼ਾ ਸ਼ਾਮਿਆਨੇ ਦਾ।

ਇਹ ਜੋ ਫੁਰਿਆ ਹੈ ਫੁਰਨਾ ਘਰ ਬਨਾਵਣ ਦਾ,
ਇਹੀ ਤਾਂ ਪਹਿਲਾ ਤਿਨਕਾ ਹੈ ਆਸ਼ਿਆਨੇ ਦਾ।

ਨਾ ਕੋਈ ਰੋਗ, ਨਾ ਸੋਗ, ਨਾ ਤੜਪ ਬਾਕੀ,
ਬੜਾ ਹੀ ਲੁੱਤਫ਼ ਹੈ, ਮਾਹੌਲ ਆਸ਼ਿਕਾਨੇ ਦਾ।

ਹਨੇਰਾ ਮਿਲੇ ਤਾਂ ਹੋਵੇ ਨੀਂਦਰ ਜਿਹਾ ਪ੍ਰੀਤਮ!
ਦਿਸੇ ਨਾ ਦਰਦ ਕੋਈ ਆਪਣੇ ਬੇਗਾਨੇ ਦਾ।

ਇਹ ਤਬੀਅਤ ਜਦ ਖ਼ੁਦੀ ਦੇ ਰਾਹ 'ਤੇ ਆਉਂਦੀ ਰਹੀ,
ਫ਼ਲਸਫ਼ਾਦਾਨੀ ਬਰਾਬਰ ਇਸਨੂੰ ਸਮਝਾਉਂਦੀ ਰਹੀ।

ਜ਼ਿੰਦਗੀ ਨੂੰ, ਜਦ ਵੀ ਚਾਹਿਆ ਦਿਲ ਕਚਹਿਰੀ ਲੈ ਗਿਆ,
ਇਹ ਮੁਕੱਦਮਾ ਜਿੱਤ ਕੇ ਵੀ, ਇਕ ਸਜ਼ਾ ਪਾਉਂਦੀ ਰਹੀ।

ਖਾਣ ਲਈ ਕੁਝ ਬੂਰ ਦੇ ਲੱਡੂ ਹਯਾਤੀ ਨੂੰ ਮਿਲੇ,
ਖਾ ਕੇ ਪਛਤਾਉਂਦੀ ਰਹੀ, ਨਾ-ਖਾ ਕੇ ਪਛਤਾਉਂਦੀ ਰਹੀ।

ਮਸਤ-ਚਾਲੇ ਜਾ ਰਹੀ ਸੀ ਜ਼ਿੰਦਗੀ, ਪਰ ਲੱਗਿਆ,
ਕਿ ਮੁਸ਼ੱਕਤ ਦੀ ਘੜੀ ਨੂੰ, ਮੁੜ ਕੇ ਦੁਹਰਾਉਂਦੀ ਰਹੀ।

ਆਪਣੇ ਜੀਆ-ਜੰਤ ਲਈ, ਸੂਰਜ ਅਧੂਰਾ ਦੇਖ ਕੇ,
ਧਰਤੀ, ਆਪਣੇ ਗਿਰਦ ਚੱਕਰ ਰਾਤ-ਦਿਨ ਲਾਉਂਦੀ ਰਹੀ।

ਇਹ ਦੁਨੀਆਂ ਹੋਰ ਹੋਣੀ ਸੀ ਜੇ ਏਥੇ ਪਿਆਰ ਨਾ ਹੁੰਦਾ
ਤੇ ਉਸ ਪਿਆਰ ਨੂੰ ਦਰਸਾਉਣ ਦਾ ਇਜ਼ਹਾਰ ਨਾ ਹੁੰਦਾ।

ਗੁਨਾਹਾਂ ਤੋਂ ਪਰੇ ਰਹਿ ਕੇ ਮੈਂ ਵੱਡਾ ਦੇਵਤਾ ਹੁੰਦਾ,
ਜੇ ਜੀਵਨ ਜੀਣ ਦੇ ਲਈ, ਮੈਂ ਵੀ ਦੁਨੀਆਂਦਾਰ ਨਾ ਹੁੰਦਾ।

ਅਗਰ ਇਨਸਾਨ ਸਭ ਨੂੰ ਆਪਣੇ ਵਰਗਾ ਹੀ ਸਮਝ ਲੈਂਦਾ,
ਤਾਂ ਫਿਰ ਦੁਨੀਆਂ ਦੇ ਅੰਦਰ ਕੋਈ ਗੁਨਾਹਗਾਰ ਨਾ ਹੁੰਦਾ।

ਧਰਮਾਂ ਦੇ ਅਸੂਲਾਂ ਨੂੰ ਇਹ ਦੁਨੀਆ ਸਮਝ ਸਕਦੀ ਜੇ,
ਤਾਂ ਹਰ ਤਤਕਾਰ ਸੁਲਝਾਵਣ ਦਾ ਹੱਲ, ਤਲਵਾਰ ਨਾ ਹੁੰਦਾ।

ਤੂੰ ਆਪਣੀ ਬਣਤ ਦਾ ਆਪੇ ਹੀ ਜ਼ੁੰਮੇਵਾਰ ਹੁੰਦਾ ਤਾਂ,
ਕਦੀ ਇਸ ਪਾਰ ਤੇ ਪ੍ਰੀਤਮ ਕਦੀ ਉਸ ਪਾਰ ਨਾ ਹੁੰਦਾ।

ਤਤਕਰਾ

ਇਹ ਦੁਨੀਆਂ ਜਿਸ ਵਿਚ ਤੂੰ ਰਹਿਨੈ, ਸੌੜੀ ਹੈ,
ਇਹ ਦੁਨੀਆਂ ਜਿਸ ਵਿਚ ਮੈਂ ਰਹਿਨਾਂ ਚੌੜੀ ਹੈ।

ਤੇਰੇ ਸ਼ਹਿਰ ਦੀ ਸਾਰੀ ਦੀ ਸਾਰੀ ਖ਼ਲਕਤ,
ਮੰਦਰ, ਮਸਜਦ, ਗਿਰਜੇ ਦੇ ਵੱਲ ਦੌੜੀ ਹੈ।

ਜਿਨ੍ਹਾਂ ਮਸੀਹਾ ਕੱਲ੍ਹ ਸੂਲੀ 'ਤੇ ਟੰਗਿਆ ਸੀ,
ਉਨ੍ਹਾ ਦੇ ਹੱਥੀਂ, ਅੱਜ ਵੀ ਕਿੱਲ ਤੇ ਥੌੜੀ ਹੈ।

ਧਰਮ ਦੇ ਠੇਕੇਦਾਰਾ! ਧਰਮ ਉਚੇਰਾ ਹੈ,
ਤੇਰੇ ਕੋਲ ਸਮਝ ਦੀ ਨਿੱਕੀ ਪੌੜੀ ਹੈ।

ਧਰਮ ਨਹੀਂ, ਜੋ ਨਫ਼ਰਤ ਪੈਦਾ ਕਰਦਾ ਹੈ,
ਪਰ ਇਹ ਗੱਲ ਅਜੇ ਨਾ ਤੈਨੂੰ ਔੜੀ ਹੈ।

ਇਹ ਵਾਅਦਾ ਸੀ ਕੀਤਾ ਕਿ ਜੀਵਨ ਦੇ ਰਾਹ 'ਤੇ
ਰਹਿਣਗੇ ਸਦਾ, ਮੇਰੀ ਉਲਫ਼ਤ ਦੇ ਰਾਹੀ।
ਇਹ ਰਸਤੇ ਵੀ ਓਥੇ ਤੇ ਮੰਜ਼ਿਲ ਵੀ ਓਥੇ,
ਉਹ ਫਿਰ ਕਿਉਂ ਨੇ ਭਟਕੇ, ਮੁਹੱਬਤ ਦੇ ਰਾਹੀ!

ਜਿਹਨੇ ਇਕ ਮਰਦੇ ਸਵਾਲੀ ਦੀ ਝੋਲੀ,
ਨਵੀ ਜ਼ਿੰਦਗਾਨੀ ਦਾ ਸੀ ਦਾਨ ਪਾਇਆ,
ਨਹੀਂ ਸਨ, ਉਹ 'ਤੁਲਸੀ ਦੇ ਪੱਤਰ' ਨਹੀਂ ਸਨ,
ਉਨ੍ਹਾਂ ਵਿਚ ਛੁਪੀ ਸੀ ਤੇਰੀ ਖ਼ੈਰ-ਖ਼ਾਹੀ।

ਇਹ ਵੱਸ ਤਾਂ ਨਹੀਂ ਹੈ ਕਿ ਤੈਨੂੰ ਨਾ ਚਾਹਵਾਂ,
ਮੈਂ ਫਿਰ ਵੀ ਬੜੀ ਵਾਰ ਕੋਸ਼ਿਸ਼ ਹੈ ਕੀਤੀ,
ਖ਼ਿਆਲਾਂ ਦੀ ਡੋਲੀ 'ਚ, ਤੇਰੀ ਸਵਾਰੀ,
ਹਟਾ ਨਾ ਸਕੀ ਇਹ ਮਿਲਣ ਦੀ ਮਨਾਹੀ।

ਤੂ ਨਾ ਕਰ, ਇਹ ਜ਼ੋਰ ਧੰਙਾਣੇ ਤੂੰ ਨਾ ਕਰ,
ਹਰ ਇਕ ਜੁਰਮ ਦੇ ਲਈ ਬਣੀ ਹੈ ਕਚਹਿਰੀ,
ਕਿਤੇ ਤੇਰੇ ਹੀ ਉਲਟ ਹੋਵੇ ਨਾ ਇਕ ਦਿਨ,
ਇਹ ਖ਼ੁਦ ਤੇਰੇ ਆਪਣੇ ਹੀ ਦਿਲ ਦੀ ਗਵਾਹੀ।

ਤੂੰ ਪ੍ਰੀਤਮ ਨੂੰ ਪਹਿਲਾਂ ਪਰਖ ਕੇ ਤਾਂ ਦੇਖੀਂ,
ਕਿ ਕੀ ਮੁੱਲ ਪਾਉਂਦਾ ਹੈ, ਹੀਰੇ ਜਿਹੇ ਦਿਲ ਦਾ,
ਭੁਲੇਖੇ ਦੇ ਵਿਚ ਹੀ ਨਾ ਤੈਨੂੰ ਲੈ ਡੁੱਬੇ,
ਭਰੋਸੇ ਦੇ ਨਾਂ 'ਤੇ, ਤੇਰੀ ਕਮ-ਨਿਗਾਹੀ।

ਤਤਕਰਾ

ਇਕ ਛੜੱਪਾ, ਦੋ ਛੜੱਪੇ, ਤਿੰਨ ਛੜੱਪੇ ਜ਼ਿੰਦਗੀ।
ਭਾਵੇਂ ਹਰ ਇਕ ਦਿਨ ਤੇ ਹਰ ਇਕ ਰਾਤ ਟੱਪੇ ਜ਼ਿੰਦਗੀ।

ਆਪਣੀ ਸਾਰੀ ਉਮਰ 'ਚ ਦੋ ਪਲ ਅਮਨ ਚੈਨ ਦੇ ਭਾਲਦਿਆਂ,
ਐਵੇਂ ਹੀ ਬਸ ਕਟ ਜਾਂਦੀ ਹੈ, ਰੌਲੇ-ਰੱਪੇ ਜ਼ਿੰਦਗੀ।

ਕੁਝ ਗੁਣਾ 'ਤੇ ਸੱਜਣ ਵਾਲੇ, ਕੁਝ ਗੁਣਾ 'ਤੇ ਦੁਸ਼ਮਣ ਦੇ,
ਬਸ ਆਪਣੀ ਹੀ ਲੋੜ ਮੁਤਾਬਕ, ਲਾਵੇ ਠੱਪੇ ਜ਼ਿੰਦਗੀ।

ਰਣਭੂਮੀ ਦੇ ਅੰਦਰ ਉਸ ਦਿਨ, ਇੰਜ ਦੇਖਣ ਨੂੰ ਮਿਲਿਆ ਸੀ,
ਚੱਪੇ ਚੱਪੇ ਮੌਤ ਖੜੀ ਸੀ, ਚੱਪੇ ਚੱਪੇ ਜ਼ਿੰਦਗੀ।

'ਮਰ ਪਰੇ!' ਦੀ ਬਦ-ਦੁਆ ਜੇ ਦੇਣੀ ਹੈ ਤਾਂ ਦੇ ਲੈਣਾ,
ਪਰ 'ਪ੍ਰੀਤਮ' ਨੂੰ ਇਹ ਨਾ ਕਹਿਣਾ, "ਤੈਨੂੰ ਨੱਪੇ ਜ਼ਿੰਦਗੀ"।

ਇੰਜ ਆਪਣੀ ਤਬੀਅਤ ਹੈ, ਜੀਵਨ ਦੇ ਦਬਾ ਅੰਦਰ,
ਪੰਛੀ ਪਰਤੋਲਦਾ ਹੈ, ਪਿੰਜਰੇ ਦੀ ਫ਼ਿਜ਼ਾ ਅੰਦਰ।

'ਜੀਵਨ ਦਾ ਵੱਲ' ਪ੍ਰੀਤਮ! ਮੋਰਾਂ ਤੋਂ ਸਿੱਖ ਲੈਣਾ,
ਖ਼ੁਸ਼ੀਆਂ ਲੱਭ ਲੈਂਦੇ ਨੇ, ਘਨਘੋਰ ਘਟਾ ਅੰਦਰ।

"ਜ਼ਾਲਿਮ ਦਾ ਭਲਾ ਹੋਵੇ", ਮੈਂ ਆਖ ਨਹੀਂ ਸਕਦਾ,
ਹੈ ਪੰਧ ਜ਼ਮੀਰਾਂ ਦਾ, ਮੇਰੇ ਤੇ ਦੁਆ ਅੰਦਰ।

ਜੇ ਸਭ ਦਾ ਭਲਾ ਹੋਵੇ, ਜ਼ਾਲਿਮ ਨਾ ਬਣੇ ਕੋਈ,
ਹੁੰਦੀ ਹੈ ਕਸਰ ਕਿਧਰੇ, ਵੱਖਰੇ ਵਰਤਾ ਅੰਦਰ!

ਬੁਨਿਆਦ ਹੈ ਜੀਵਨ ਦੀ, ਬੁਨਿਆਦ ਤੂਫ਼ਾਨਾਂ ਦੀ,
ਕਿੰਨਾ ਹੈ ਫ਼ਰਕ ਲੇਕਿਨ, ਹਵਾ ਹਵਾ ਅੰਦਰ।

ਕਤਰੇ ਦੇ ਮੋਢੇ ਤੇ, ਨੀਂਹ ਬਣੇ ਸਮੁੰਦਰ ਦੀ,
ਐਸਾ ਹੀ ਰਿਸ਼ਤਾ ਹੈ, ਆਦਮ ਤੇ ਖ਼ੁਦਾ ਅੰਦਰ।

ਡਰ ਕਿੰਨਾ ਸੌਖਾ ਹੀ, ਮਨ ਵਿਚ ਆ ਜਾਂਦਾ ਹੈ,
ਕਿ ਹਵਾ ਦਾ ਇਕ ਝੋਕਾ, ਹੈ ਜਿਵੇਂ ਤਲਾ ਅੰਦਰ।

ਇਹ ਸਮਾਂ ਹੈ, ਐ ਪ੍ਰੀਤਮ! ਇੰਜ ਵਰਗਾ ਨਾ ਹੁੰਦਾ,
ਨਾ ਹੀ ਕਿਸੇ ਧਰਤੀ 'ਤੇ ਨਾ ਕਿਸੇ ਖਲਾਅ ਅੰਦਰ।

ਤਤਕਰਾ

ਇਨਸਾਫ਼ ਦਾ ਤਰਾਜ਼ੂ, ਜੋ ਜਾਣ ਕੇ ਡੋਲਾਵੇ,
ਫ਼ਿਕਰਾਂ ਦੀ ਨੋਕ ਉੱਤੇ, ਉਹ ਜ਼ਿੰਦਗੀ ਨਚਾਵੇ।

ਇਕ ਮੁਰਦਾ-ਲਾਸ਼ ਕੋਲੋਂ ਅੱਜ ਕੋਲ ਬਹਿ ਕੇ ਪੁੱਛੀਂ,
"ਜੋ ਕੁਝ ਬਣਾਇਆ ਆਪਣਾ, ਕਿਉਂ ਸਾਥ ਨਾ ਨਿਭਾਵੇ?"

'ਭੁਖਾਂ ਦੀ ਭੱਠ' ਅੰਦਰ ਇਨਸਾਨੀਅਤ ਜਾਂ ਪਿਘਲੇ,
ਸ਼ਸਤਰ ਬਗ਼ਾਵਤਾਂ ਦੇ, ਤਕਦੀਰ ਨੂੰ ਪੁਆਵੇ।

ਕੁਰਬਾਨੀਆਂ 'ਚੋਂ ਉੱਠੇ, ਚਰਚਾ ਪੈਗ਼ੰਬਰੀ ਦਾ,
ਜੋ ਭਾਂਬੜਾਂ ਦੇ ਵਿਚੋਂ, ਅਮਨਾਂ ਦਾ ਰਾਹ ਦਿਖਾਵੇ।

ਹੈ ਸੂਝ ਜਿਸ ਦੇ ਪਿੱਛੇ, ਉਹ ਸਿਦਕ, ਜ਼ਿਦ ਨਹੀਂ ਹੈ,
ਤੱਤਾਂ ਤੋਂ ਮੁਕਤ ਹੋਵੇ ਪਰ ਬੋਲ ਨੂੰ ਪੁਗਾਵੇ।

ਭਰਪੂਰ-ਜ਼ਿੰਦਗੀ ਦਾ ਡੇਰਾ ਹੈ ਜਿਸ ਜਗਹ 'ਤੇ,
ਕਾਮਲ-ਯਕੀਨ ਓਥੇ ਤਦਬੀਰ ਨੂੰ ਪੁਚਾਵੇ।

ਇਨ੍ਹਾਂ ਰੂਹਾਂ ਨੇ ਤੁਰ ਜਾਣਾ, ਇਨ੍ਹਾਂ ਜਿਸਮਾਂ ਨੇ ਮਰ ਜਾਣਾ,
ਕਿਸੇ ਕਾਰਣ ਦੇ ਸਿਰ ਉੱਤੇ, ਕੋਈ ਇਲਜ਼ਾਮ ਧਰ ਜਾਣਾ।

ਜਿਨ੍ਹਾਂ ਬੇਸਮਝ ਰੂਹਾਂ ਨੂੰ ਕਦੇ ਸੰਤੋਖ ਨਹੀਂ ਆਉਂਦਾ,
ਉਨ੍ਹਾਂ ਖ਼ੁਦ ਵੀ ਦੁਖੀ ਰਹਿਣਾ, ਜ਼ਮਾਨੇ ਨੂੰ ਵੀ ਕਰ ਜਾਣਾ।

ਸਭ ਰੂਹਾਂ ਦੀ ਆਪਣੀ ਆਪਣੀ ਤਾਸੀਰ ਹੁੰਦੀ ਹੈ,
ਕਿਸੇ ਨੇ ਜ਼ਖ਼ਮ ਕਰ ਜਾਣਾ, ਕਿਸੇ ਨੇ ਜ਼ਖ਼ਮ ਭਰ ਜਾਣਾ।

ਅਜੇ ਤਕ ਰੂਹਾਂ ਨੇ ਵੀ ਏਸ ਗੱਲ ਦਾ ਭੇਦ ਨਹੀਂ ਪਾਇਆ,
ਕਿ ਇਹਨਾਂ ਕਿੱਧਰੋਂ ਆਉਣਾ ਹੈ ਤੇ ਏਥੋਂ ਕਿਧਰ ਜਾਣਾ।

ਆਸਾਵੰਤ ਰੂਹਾਂ ਨੂੰ ਸਮਾਂ ਵੀ ਮਾਰ ਨਹੀਂ ਸਕਦਾ,
ਨਵੀਂ ਦੁਨੀਆਂ ਵਸਾ ਲੈਣੀ, ਇਨ੍ਹਾਂ ਜਦ ਵੀ ਜਿਧਰ ਜਾਣਾ।

ਖ਼ਬਰ ਰੱਖੀਂ ਐ 'ਪ੍ਰੀਤਮ'! ਕਿ ਕਿਸੇ ਦੀ ਰੂਹ ਨਾ ਮਰ ਜਾਵੇ
ਓਦੋਂ ਕੁਝ ਵੀ ਨਹੀਂ ਰਹਿਣਾ, ਜਦੋਂ ਰੂਹਾਂ ਨੇ ਮਰ ਜਾਣਾ।

ਤਤਕਰਾ

ਸਹਿਣ ਲਈ ਤਾਂ ਦਿਲ ਦੇ ਅੰਦਰ ਉਸ ਦੇ ਜਾਣ ਦਾ ਦਰਦ ਬੜਾ,
ਕਹਿਣ ਲਈ ਇਹ ਕਹਿੰਦਾ ਫਿਰਦਾਂ ਕਿ ਮੈ ਉਸ ਨੂੰ ਭੁੱਲ ਗਿਆ।

ਇਕ ਵਾਕਿਆ ਯਾਦ ਆ ਗਿਆ ਉਹ ਜਦੋਂ ਚਿਰ ਬਾਅਦ ਮਿਲੇ,
ਅੰਦਰ ਜੋ ਕੁਝ ਰਿੱਝ ਰਿਹਾ ਸੀ, ਉਹ ਉੱਪਰੋਂ ਨਾ ਕਹਿ ਸਕਿਆ।

ਤੜਕਸਾਰ ਜੋ ਗਲੀਆਂ ਦੇ ਵਿਚ ਦਰਦ ਭਰੀ ਆਵਾਜ਼ ਸੁਣੀ,
ਮੰਗਤਾ, ਜੋਗੀ, ਆਸ਼ਿਕ, ਦੁਖੀਆ, ਕੌਣ ਸੀ ਬਿਰਹਾ ਗਾਉਂਦਾ?

ਜਿਨ੍ਹਾਂ ਦੇ ਉੱਪਰੋਂ ਲੰਘਿਆਂ, ਉਹਨਾਂ ਪੱਥਰਾਂ 'ਤੇ ਵੀ ਪੈਰ ਛਪੇ,
ਦੇਖੋ! ਕਿੰਨਾਂ ਭਾਰ ਗ਼ਮਾਂ ਦਾ ਮੈਂ ਚੁੱਕੀ ਫਿਰਦਾ ਰਿਹਾ।

ਪਿੰਡ ਦੇ ਕਈਆਂ ਲੋਕਾਂ ਨੂੰ, ਇਹ ਯਾਦ ਹੋਵੇਗਾ ਹੁਣ ਤਾਂਈਂ,
ਕਿਹੜਾ ਕਿਹੜਾ ਪਿਆਰ ਪਿਆ, ਕਿਹੜਾ ਕਿੰਜ ਕਦੋਂ ਟੁੱਟਿਆ!

ਆਪਣਾ ਆਪਣਾ ਸੱਚ ਵੇਚਣ ਨੂੰ, ਸਭ ਬਾਜ਼ਾਰ 'ਚ ਆਉਂਦੇ ਨੇ,
ਕੋਈ ਇਹਨੂੰ ਮਜਬੂਰੀ ਆਖੇ, ਕਿਸੇ ਨੇ ਕਾਰੋਬਾਰ ਕਿਹਾ।

ਤੂਫ਼ਾਨੀ ਲਹਿਰਾਂ ਤੋਂ, ਬਰਬਾਦੀ ਨੂੰ ਕੁਝ ਤੇ ਰੋਕ ਸਕਾਂ,
ਪੱਥਰ ਬਣ ਕੇ, ਸਾਗਰ ਕੰਢੇ, ਏਸੇ ਕਰਕੇ ਆਣ ਪਿਆ।

ਛਿਣ ਛਿਣ ਕਰਕੇ ਗੁਜ਼ਰ ਰਿਹਾ ਹਾਂ, ਮੈਂ ਸਮੇਂ ਦੀ ਬਸਤੀ 'ਚੋਂ,
ਐਵੇਂ ਕਹੀ ਜਾ ਰਿਹਾ ਹਾਂ ਕਿ, "ਸਮਾਂ ਨਹੀਂ ਜਾਂਦਾ ਫੜਿਆ"।

ਭੜਕਾਵੇ ਨਾ ਹਵਾ ਜੇ ਇਸਨੂੰ, ਚਿੰਗਾਰੀ ਦਾ ਕੀ ਭੜਕਣ!
ਕਿਰਿਆਵਾਂ ਪ੍ਰਤੀਕਿਰਿਆਵਾਂ ਦਾ ਕਰਕੇ ਜੀਵਨ ਉਲਝ ਗਿਆ।

ਪਸ਼ੂ-ਪੰਛੀਆਂ ਕੋਲੋਂ ਸਿੱਖੀਂ, ਸਮੇਂ ਦੀ ਚਾਲ ਹੈ ਕੀ ਕਹਿੰਦੀ!
ਕੂੰਜਾਂ ਦਾ ਉੱਡ ਜਾਣਾ ਦੱਸੇ, ਕਿ ਹੁਣ ਮੌਸਮ ਬਦਲ ਰਿਹਾ।

ਇਹ, ਚਿਮਨੀ ਦੇ ਬੱਦਲ ਨੇ, ਇਨ੍ਹਾਂ ਨਹੀਂ ਬਾਰਿਸ਼ ਕਰਨੀ,
ਇਹਨਾਂ ਦਾ ਤਾਂ ਆਪਣਾ ਅੰਦਰ ਕਿਸੇ ਅਗਨ ਵਿਚ ਹੈ ਸੜਿਆ।

ਨਹੀਂ ਕਿਸੇ ਦੇ ਕੋਲ ਗਿਆ ਮੈਂ, ਆਪਣੇ ਵਾਸਤੇ ਐ ਪ੍ਰੀਤਮ!
ਮੈਂ ਕਦੇ ਜੇ ਚਾਹਿਆ ਵੀ ਤਾਂ, ਮਿਲਿਆ ਨਾ ਮੈਨੂੰ ਰਸਤਾ।

ਸੱਚ ਸੱਚ ਕਹਿੰਦੇ ਰਹੇ ਪਰ ਝੂਠ ਵਿਚ ਰਹਿੰਦੇ ਰਹੇ,
ਇਕ ਸਥਾਈ ਨ੍ਹੇਰ ਵਿਚ ਰਾਤਾਂ ਤੇ ਦਿਨ ਲਹਿੰਦੇ ਰਹੇ।

ਜ਼ੁਲਮ ਦੀ ਤੇ ਪਾਣੀਆਂ ਦੀ ਹੈ ਰਵਾਨੀ ਇਕ ਹੀ,
ਨੀਵੇਂ ਪਾਸੇ ਵੱਲ ਨੂੰ ਹੀ ਇਹ ਸਦਾ ਵਹਿੰਦੇ ਰਹੇ।

ਸੀ ਉਨ੍ਹਾਂ ਨੂੰ ਲਾਲਸਾ ਦਾ, ਇਹਨਾਂ ਨੂੰ ਲੁੱਟ ਜਾਣ ਦਾ,
ਉਹ ਵੀ ਦੁੱਖ ਸਹਿੰਦੇ ਰਹੇ ਤੇ ਇਹ ਵੀ ਦੁੱਖ ਸਹਿੰਦੇ ਰਹੇ।

ਇਹਨਾਂ ਪੌਣਾ ਪਾਣੀਆਂ ਦੇ ਉੱਤੇ ਅੱਖਰ ਪਿਆਰ ਦੇ,
ਜਦ ਕੋਈ ਲਿਖਦਾ ਰਿਹਾ, ਓਦੋਂ ਹੀ ਉਹ ਢਹਿੰਦੇ ਰਹੇ।

ਲੈ ਹਵਾਵਾਂ, ਰਗੜ ਖਾਂਦੇ ਬਾਂਸ ਜੰਗਲ ਫੂਕਦੇ,
ਲੋਕ ਇਹ ਸਭ ਜਾਣਦੇ ਹੋਏ ਵੀ ਕਿਉਂ ਖਹਿੰਦੇ ਰਹੇ।

ਪ੍ਰਜਾ-ਪਤੀ ਹੁੰਦਾ ਹੈ ਰਾਜਾ ਜੇ ਤਾਂ ਪ੍ਰੀਤਮ! ਦੱਸ ਇਹ,
ਹੁਣ ਤਾਈਂ ਜੰਗਲ ਦਾ ਰਾਜਾ ਸ਼ੇਰ ਕਿਉਂ ਕਹਿੰਦੇ ਰਹੇ।

ਤਤਕਰਾ

ਸਜਦਾ ਕੀਤਾ  ਤੇ ਨਾ ਗਿਲਾ ਕੀਤਾ ।
ਜੋ ਵੀ ਕੀਤਾ ਹੈ  ਉਹ ਖਰਾ ਕੀਤਾ ।

ਕੋਈ ਚਾਹਤ, ਜਦੋਂ ਜਨੂੰਨ ਬਣੀ,
ਮਰਨ ਮਾਰਨ ਦਾ ਫ਼ੈਸਲਾ ਕੀਤਾ ।

ਹੋਰ ਵੀ ਕਈ ਤਸੀਹੇ ਹੁੰਦੇ ਨੇ,
ਤੂੰ ਤੇ ਵਾਅਦੇ ਨੂੰ ਹੀ ਸਜ਼ਾ ਕੀਤਾ ।

ਜਿੱਥੇ ਰਿਹਾ ਹਾਂ, 'ਸ਼ੌਕ' ਕੋਲ਼ ਰਿਹਾ,
ਜੋ ਵੀ ਕੀਤਾ ਹੈ, ਬੇ-ਖ਼ਤਾ ਕੀਤਾ ।

ਜਦੋਂ ਰਾਤੀਂ ਗ਼ਮਾਂ ਨੇ ਘੇਰ ਲਿਆ,
ਸੁਹਾਣੇ ਖ਼ਵਾਬ ਦਾ ਨਸ਼ਾ ਕੀਤਾ ।

ਇਸ ਗ਼ਰਜ਼ ਦਾ ਜਨਾਬ ਕੀ ਕਹਿਣਾ,
ਇਸ ਨੇ ਭਲਿਆਂ ਨੂੰ ਵੀ ਬੁਰਾ ਕੀਤਾ ।

ਇਹ ਆਜ਼ਾਦੀ ਦੀ ਤਾਂਘ ਹੈ, ਜਿਸਨੇ,
ਕੋਈ ਹਵਾ[1], ਕੋਈ ਘਟਾ[2] ਕੀਤਾ ।

ਜਿਸਮ ਤੇ ਰੂਹ ਦੂਰ ਦੂਰ ਮਿਲ਼ੇ,
ਜਦ ਕਦੀ ਆਪਣਾ ਸਾਹਮਣਾ ਕੀਤਾ ।

---

1. ਫ਼ਰਾਰ   2. ਸ਼ਹੀਦ

ਸਭ ਦੀ ਆਖ਼ਰੀ ਮੰਜ਼ਿਲ ਨੇ ਬੇਸ਼ੱਕ ਲਾ-ਪਤਾ ਹੋਣਾ, (ਮੌਤ)
ਫਿਰ ਵੀ ਇਸ ਦੇ ਹਰ ਪਾਂਧੀ ਨੇ ਹੈ ਮੰਜ਼ਿਲ-ਸ਼ੁਦਾ ਹੋਣਾ।

ਜਿਨ੍ਹਾਂ ਰਾਹਾਂ 'ਤੇ ਚੱਲਣ ਦੇ ਲਈ ਮਜਬੂਰ ਹੋਣਾ ਹੈ,
ਤੁਰਨ ਤੋਂ ਪੇਸ਼ਗੀ, ਬਿਹਤਰ, ਉਨ੍ਹਾਂ ਬਾਰੇ ਪਤਾ ਹੋਣਾ।

ਕਿੱਕਰ ਬੀਜ ਕੇ, ਦਾਖਾਂ ਮਿਲਣ ਦੀ ਆਸ ਨਾ ਕਰਨਾ,
ਬੁਰਾ ਕੀਤੇ ਬੁਰਾ ਹੋਣਾ, ਭਲਾ ਕੀਤੇ ਭਲਾ ਹੋਣਾ।

ਕਿਸੇ ਪਰਬਤ ਦੇ ਮੀਂਹ ਵਾਂਗੂੰ ਵਤਨ ਵੱਲ ਫੇਰ ਜਾ ਪ੍ਰੀਤਮ!
ਕੋਈ 'ਦਰਿਆਂ ਦੇ ਕੰਢੇ ਰੁੱਖੜਾ' ਉਡੀਕਦਾ ਹੋਣਾ।

ਕੋਈ ਕੀ ਯਾਦ ਕਰਸੀ, ਓਸ ਥਾਂ! ਜਿੱਥੇ ਨਾ ਕੁਝ ਬਦਲੇ,
ਕਿਸੇ ਵੀ 'ਯਾਦ' ਖ਼ਾਤਿਰ, 'ਵਕਤ' ਨੂੰ ਪੈਂਦੈ ਫ਼ਿਦਾ ਹੋਣਾ।

ਅੱਜ ਦੀ ਦੌੜ ਵਿਚ ਬੰਦਾ 'ਸ਼ਿਕਾਰ' ਹੈ ਕਿ 'ਸ਼ਿਕਾਰੀ',
ਅਜਬ ਹਾਲਾਤ ਹੈ ਪ੍ਰੀਤਮ! ਕਿਸੇ ਤੋਂ ਕੀ ਬਚਾ ਹੋਣਾ।

ਤਤਕਰਾ

ਸਾਡੀ ਕਹਾਣੀ ਪਿਆਰ ਦੀ ਹੋਵੇ ਜਾਂ ਜੰਗ ਦੀ,
ਪੰਜ ਪਾਣੀਆਂ ਦੀ ਹੋ ਕੇ ਵੀ, ਲਹੂ ਦੇ ਰੰਗ ਦੀ।

ਖ਼ੁਸ਼ਹਾਲ ਸੀ ਤੇ ਹੈ ਵੀ ਸੀ ਦੱਰੇ ਦੇ ਸਾਹਮਣੇ,
ਫਿਰ ਕਿਉਂ ਨਾ ਭੀੜ ਲਾਲਚੀ ਏਥੋਂ ਦੀ ਲੰਘਦੀ।

ਜਾਓ! ਪਤਾ ਲਗਾਓ!! ਕਿਹੜੀ ਬਲਾ ਹੈ ਉਹ,
ਜੋ ਭਾਈਆਂ ਤੋਂ ਭਾਈਆਂ ਦਾ ਖ਼ੂਨ ਮੰਗਦੀ।

ਹਾਲਾਤ ਦਾ ਤੂਫ਼ਾਨ ਜਾਂ ਸਦਮੇਂ ਦਾ ਸ਼ੋਰ ਸੀ,
ਖ਼ਾਮੋਸ਼ ਹੋ ਗਈ ਹੈ ਜ਼ੁਬਾਂ, ਕੰਬਦੀ ਕੰਬਦੀ।

ਨ੍ਹੇਰਿਆਂ ‘ਚ ਆ ਕੇ, ਨਾ ਰਸਤੇ ਗਵਾਚਦੇ,
ਬੇ-ਬਸੀ ‘ਚ ਮੌਤ ਨਾ ਹੁੰਦੀ ਉਮੰਗ ਦੀ।

ਇਕ ਰਸਮ ਇਕ ਗੁਨਾਹ ਨੂੰ ਪਾਕ ਕਰ ਗਈ,
ਬੇ-ਪਰਦ ਹੋ ਗਈ ਹੈ ਹਯਾ, ਸੰਗਦੀ ਸੰਗਦੀ।

ਉਸ ਨੇ ਬੁਰਾਈ ਦੇਖ ਕੇ, ਮਜ਼ਹਬ ਵੀ ਭੰਡਿਆ,
ਕੀ ਗੱਲ ਕਰ ਰਹੇ ਓ! ‘ਪ੍ਰੀਤਮ’ ਨਿਸ਼ੰਗ ਦੀ।

ਤਤਕਰਾ

ਸਾਵਣ ਆਵੇ ਜਾਂ ਨਾ ਆਵੇ, ਬਦਲੇ ਰੰਗ ਫ਼ਿਜ਼ਾਵਾਂ ਦਾ,
ਤੂੰ ਹੈਂ, ਤਾਂ ਅੰਦਾਜ਼ ਹੈ ਚੰਗਾ, ਇਹਨਾਂ ਮਸਤ ਹਵਾਵਾਂ ਦਾ।

ਮਾਰੂਥਲ ਦੀ ਧੁੱਪ ਨਾ ਸਾੜੇ ਪਿਆਰ ਦੀ ਨੀਝ ਦੁਰੇਡੀ ਨੂੰ,
ਦੱਸ ਰਿਹਾ ਹੈ ਓਥੇ ਹੋਣਾ, ਮ੍ਰਿਗ-ਤ੍ਰਿਸ਼ਨਾ ਦਰਿਆਵਾਂ ਦਾ।

ਇਸ਼ਕ, ਜੋ ਹੱਡਾਂ 'ਚੋਂ ਨਿੱਕਲ ਕੇ, ਰੂਹਾਂ ਦੀ ਗੱਲ ਬਣ ਜਾਵੇ,
ਉਸ ਬੇ-ਤਨ, ਬੇ-ਗ਼ਰਜ਼ ਇਸ਼ਕ ਨੂੰ, ਖ਼ੌਫ਼ ਨਾ ਕੋਈ ਸਜ਼ਾਵਾਂ ਦਾ।

ਮੱਕਿਓਂ ਪਰੇ ਉਜਾੜ ਹੈ ਜੇਕਰ, ਤਾਂ ਫਿਰ ਮੈਂ ਓਧਰ ਜਾਣਾ,
ਆਦਮ ਦੀ ਫ਼ਿਤਰਤ ਵਿਚ, ਦੱਸ! ਕੀ ਕੰਮ ਭਲਾ ਰੇਖਾਵਾਂ ਦਾ।

ਅਨਹਦ-ਨਾਦ ਅਧੂਰਾ ਸੀ, ਇਨਸਾਨਾਂ ਦੇ ਜਜ਼ਬਾਤ ਬਿਨਾ,
ਏਸੇ ਲਈ ਤਾਂ ਜਨਮ ਹੋਇਆ ਹੈ, ਗੀਤਾਂ ਤੇ ਕਵਿਤਾਵਾਂ ਦਾ।

ਹਰ ਬਦਨ ਵਿਚ ਰੂਹ ਹੁੰਦੀ ਹੈ, ਜੇ ਇਹਨੂੰ ਕੋਈ ਤਕ ਸਕੇ,
ਤਾਂ ਖ਼ੁਸ਼ੀਆਂ 'ਤੇ ਅਸਰ ਨਾ ਹੋਵੇ, ਦੁਨੀਆਂ ਦੀਆਂ ਬਲਾਵਾਂ ਦਾ।

ਆਤਮਾ ਦਾ ਨਾਂ ਕੀ ਹੋ ਸਕਦੈ! ਕੌਣ ਇਹਦੀ ਪਹਿਚਾਣ ਕਰੇ!
ਇਹਦੇ ਚੋਲੇ ਤਕ ਹੀ, ਸੀਮਾ ਹੈ, ਹੋਣਾ ਕੁਝ ਨਾਂਵਾਂ ਦਾ।

ਆਉਣਾ, ਜਾਣਾ, ਹੱਸਣਾ, ਰੋਣਾ, ਹਰ ਹਰਕਤ ਵਿਚ ਭਾਵ ਮਿਲੇ.
ਮਨ ਦੇ ਚੈਨ ਲਈ ਥਾਂ ਹੁੰਦੈ, ਬਿਨ ਸੋਚਾਂ ਬਿਨ ਭਾਵਾਂ ਦਾ।

ਸੰਨਾਟੇ ਦੇ ਦਰਿਆ ਅੰਦਰ, ਆਵਾਜ਼ਾਂ ਦੇ ਭੰਵਰ ਬਣੇ,
ਪਿਆਰ ਨੇ ਤਰਨਾ ਮੁਸ਼ਕਿਲ ਕੀਤੈ, ਅੰਤਮ-ਸੱਚ ਝਨਾਵਾਂ ਦਾ।

ਆਪਣੇ ਆਪ ਨੂੰ ਲੱਭਣ ਲਈ, ਤੂੰ ਜੇ ਮੰਜ਼ਿਲ ਨੂੰ ਜਾਣਾ ਹੈ,
ਤਾਂ ਪੰਧ ਪੂਰਾ ਕਰਨਾ ਪੈਣੈ, ਪਹਿਲਾਂ ਨੌਂ ਪੜਾਵਾਂ ਦਾ।

ਤੈਨੂੰ ਪੂਰਾ ਹੋਣ ਦੀ ਖ਼ਾਤਰ, ਮਰ ਜਾਵਣ ਦੀ ਲੋੜ ਨਹੀਂ,
ਤੂੰ ਜੇਕਰ ਮਾਹਰ ਹੋ ਜਾਵੇਂ, ਜੀਵਨ ਦੀਆਂ ਕਲਾਵਾਂ ਦਾ।

ਓਸ ਸਫ਼ਰ ਦੀ ਪੀੜ ਅਣੋਖੀ, ਜੋ ਕੀਤਾ ਨਾ ਜਾ ਸਕਿਆ,
ਥੱਕ ਟੁੱਟ ਕੇ ਵੀ ਤੁਰਦੇ ਰਹਿਣਾ ਪਰ ਨਾ ਬਦਲਨਾ ਥਾਂਵਾਂ ਦਾ।

ਜਿੱਥੇ ਜਾ ਕੇ ਇਹ ਸੱਤ-ਰੰਗੀ-ਪੀਂਘ ਖ਼ਤਮ ਹੁੰਦੀ, ਪ੍ਰੀਤਮ!
ਓਥੇ ਅੱਜ ਉਡੀਕੇ ਤੈਨੂੰ, ਮਹਿਰਮ ਤੇਰੇ ਚਾਵਾਂ ਦਾ।

ਤਤਕਰਾ

ਹੰਝੂ ਨੂੰ ਦੇਖ, ਇਸ ਦੇ ਗੁੰਗੇ-ਬਿਆਨ ਦੇਖ,
ਸ਼ਬਨਮ-ਨੁਮਾ ਦੇ ਦਿਲ ਦੇ ਅੰਦਰ ਤੂਫ਼ਾਨ ਦੇਖ।

'ਮੁਮਤਾਜ-ਮਹਿਲ' ਘੜ ਕੇ ਮਕਤਲ ਨੂੰ ਜਾ ਰਹੇ!
ਵੱਖਰੇ ਮਿਜ਼ਾਜ ਵਾਲਾ, 'ਸ਼ਾਹ-ਏ-ਜਹਾਨ' ਦੇਖ।

ਜੰਗਲਾਤ ਨੇ ਵੀ ਸਿਰ 'ਤੇ ਅਸਮਾਨ ਚੁੱਕ ਲਿਆ,
ਖ਼ਤਰੇ ਦੇ ਵਿਚ ਆਈ, ਬੇਬਸ ਦੀ ਜਾਨ ਦੇਖ।

'ਕਦੇ ਵੀ ਨਾ ਸਨ ਇਸ ਦੇ ਵਿਹੜੇ 'ਚ ਰੌਣਕਾਂ',
ਇਹ ਹੀ ਨਾ ਸਮਝ ਬੈਠੀਂ, ਖਾਲੀ ਮਕਾਨ ਦੇਖ।

ਪਾਗਲ ਨਾ ਆਖ, ਪ੍ਰੀਤਮ! ਆਸ਼ਿਕ-ਮਿਜ਼ਾਜ ਨੂੰ,
ਉਸਦੀ ਨਜ਼ਰ 'ਚ ਬਹਿ ਕੇ, ਉਸਦਾ ਜਹਾਨ ਦੇਖ।

ਹਮਰਾਹੀ, ਹਮਜੋਲੀ ਪ੍ਰੀਤਮ! ਘੱਟ ਹੀ ਬੈਠਣ ਰਲ ਕੇ,
ਪਾਣੀ, ਜੋ ਇਸ ਥਾਂ ਤੋਂ ਲੰਘਦਾ, ਫੇਰ ਨਾ ਆਉਣਾ ਭਲਕੇ।

ਨਵੇਂ ਪਾਣੀਆਂ ਹਰ ਸ਼ੈਅ ਧੋਤੀ, ਸਮੇਂ ਨੇ ਮਿੱਟੀ ਪਾਈ,
ਇਹ ਸਮਿਆਂ ਦੇ ਮਾਰੂਪਨ ਤਾਂ ਕਦੇ ਨਾ ਰਹਿੰਦੇ ਟਲ ਕੇ।

ਅੱਜ ਦੀਆਂ ਮੌਜਾਂ, ਅੱਜ ਦੇ ਮੇਲੇ, ਹੈਨ ਪਰਾਹੁਣੇ ਅੱਜ ਦੇ,
ਹਰ ਇਕ ਮਾਂ ਨੇ ਤੁਰ ਜਾਣਾ ਹੈ, ਮਾਂ ਦੀ ਗੋਦ 'ਚ ਪਲ਼ ਕੇ।

ਹਰ ਸ਼ੈਅ ਜੋ ਉੱਪਰ ਨੂੰ ਜਾਵੇ ਮੁੜ ਥੱਲੇ ਨੂੰ ਆਵੇ,
ਇਹ ਸੱਚ ਹੁੰਦਾ ਦੇਖ ਦੇਖ ਕੇ, ਕਿਉਂ ਤੇਰੀ ਅੱਖ ਛਲਕੇ?

ਤਤਕਰਾ

ਹਰ ਯੁਗ ਵਿਚ ਉੱਠਦਾ ਰਹਿਣਾ ਹੈ, ਕੋਈ ਡੁੱਬਦੀ ਦੁਨੀਆਂ ਤਾਰਨ ਲਈ,
ਕੋਈ ਜ਼ਾਲਮ ਨੂੰ ਸੰਘਾਰਨ ਲਈ, ਕੋਈ ਆਪਣਾ-ਆਪਾ ਵਾਰਨ ਲਈ।

ਤਬਦੀਲੀ ਦਾ ਹੀ ਦੂਜਾ ਨਾਂ, ਇਕ ਜ਼ਹਿਰ ਦਾ ਭਰਿਆ ਪਿਆਲਾ ਹੈ,
'ਸੁਕਰਾਤ' ਨੇ ਪੀਂਦੇ ਰਹਿਣਾ ਹੈ, ਕਈ ਜਜ਼ਬੇ ਨਵੇਂ ਉਭਾਰਨ ਲਈ।

ਓ ਰਹਿਬਰ! ਕੁਰਸੀ 'ਤੇ ਬਹਿ ਕੇ, ਜ਼ਿੱਲਤ ਦੇ ਨ੍ਹੇਰੇ ਨਹੀਂ ਮਿਟਦੇ,
ਸੂਰਜ ਬਣ ਤਪਣਾ ਪੈਂਦਾ ਹੈ, ਧੁੰਧਲੇ ਆਕਾਸ਼ ਨਿਖਾਰਨ ਲਈ।

ਕੋਈ 'ਕੌਡੇ' ਵਰਗਾ ਜ਼ਾਲਮ ਸੀ, ਕੋਈ 'ਸੱਜਣ' ਬਣ ਕੇ ਠੱਗਦਾ ਸੀ,
ਨਾ ਲੋੜ ਪਈ ਹਥਿਆਰਾਂ ਦੀ, ਉਹਨਾਂ ਦੀ ਬੁਰਾਈ ਮਾਰਨ ਲਈ।

ਮੇਰਾ ਹਿੰਸਾ ਵਿਚ ਯਕੀਨ ਨਹੀਂ, ਹਿੰਸਾ ਦਾ ਅੰਤ ਅਹਿੰਸਾ ਹੈ
ਪਰ ਚੂੜੀਆਂ ਪਾ ਕੇ ਨਹੀਂ ਬਹਿਣਾ, ਕੋਈ ਆ ਗਿਆ ਜੇ ਲਲਕਾਰਨ ਲਈ।

ਇਸਮਤ ਦੀ ਰਾਖੀ ਕੀ ਕਰਨੀ! ਸੰਧੂਰ ਤੇ ਖ਼ੁਦ ਹੀ ਵਿਕਦਾ ਹੈ,
ਇਕ ਖ਼ੂਨ ਦੀ ਰੰਗਤ ਚਾਹੀਦੀ, ਉੱਜੜਦੀ ਮਾਂਗ ਸਵਾਰਨ ਲਈ।

ਤੂ ਕਰੇਂ ਜਾਂ ਭਾਵੇਂ ਨਾ ਹੀ ਕਰੇਂ, ਇਨਸਾਫ਼ ਦੀ ਡੰਡੀ ਨੂੰ ਸਾਵਾਂ,
ਤੇਰੀ ਰੂਹ ਨੇ ਕਹਿੰਦੇ ਰਹਿਣਾ ਹੈ, ਪਾਣੀ ਤੇ ਦੁੱਧ ਨਿਤਾਰਨ ਲਈ।

ਘਟਨਾਵਾਂ ਦੀ ਕੁੱਖ ਦੇ ਵਿਚੋਂ, ਘਟਨਾਵਾਂ ਪੈਦਾ ਹੁੰਦੀਆਂ ਨੇ,
ਕੋਈ ਕਾਰਨ ਹੀ ਤਾਂ ਹੁੰਦਾ ਹੈ 'ਜੜ੍ਹ' ਬਣਦੇ ਹੋਏ ਕਾਰਨ ਲਈ।

ਧਰਤੀ ਦੀ ਸੁਲਗਦੀ ਛਾਤੀ ਨੇ, ਬਣ ਰਾਖ਼, ਸੀ ਕਿਧਰੇ ਮਿਟ ਜਾਣਾ,
ਜੇ ਸੱਤ ਸਮੁੰਦਰਾਂ ਦਾ ਪਾਣੀ ਹੁੰਦਾ ਨਾ ਇਹਨੂੰ ਠਾਰਨ ਲਈ।

ਅਸੀਂ ਕੱਲ੍ਹ ਦਾ ਗੌਰਵ ਕੀ ਕਰਨਾ! ਹੂਰਾਂ ਦੇ ਲਾਰੇ ਕੀ ਕਰਨੇ,
ਸਾਡੀ ਅੱਜ ਦੀ ਮੰਗ ਹੈ ਜੀਵਨ ਦੇ ਹਰ ਪਲ ਨੂੰ ਹੱਸ ਗੁਜ਼ਾਰਨ ਲਈ।

ਕੋਈ ਵੀ ਗੱਲ, ਕਦੇ ਕੋਈ ਪੱਥਰ 'ਤੇ ਲੀਕ ਨਹੀਂ ਹੁੰਦੀ,
ਹਾਲਾਤ ਬਦਲਦੇ ਰਹਿੰਦੇ ਨੇ, ਹਰ ਗੱਲ ਹੈ ਸੋਚ ਵਿਚਾਰਨ ਲਈ।

ਜੋ ਚੇਤ-ਅਚੇਤ ਬਣਾਇਆ ਹੈ, ਖ਼ਾਕਾ ਆਪਣੀ ਖ਼ੁਸ਼ਹਾਲੀ ਦਾ,
ਇਕ ਨੇਕ ਮੁਸ਼ੱਕਤ ਚਾਹੀਦੀ, ਉਸ ਤੋਂ ਇਕ ਮਹਿਲ ਉਸਾਰਨ ਲਈ।

ਤਤਕਰਾ

ਹੈ ਜਦੋਂ ਅਪਣੱਤ ਦੇ ਹੀ ਮਿਹਣਿਆਂ ਨੇ ਮਾਰਿਆ,
ਛੱਡ ਕੇ ਜੰਨਤ ਨੂੰ ਪਿੱਛੇ ਮੁੜ ਕੇ ਆਉਣਾ ਪੈ ਗਿਆ।

ਉਹ ਕੰਵਲ ਸੀ, ਹੈ ਸੀ ਜਿਹੜੀ ਗੰਦਗੀ 'ਚੋਂ ਉੱਗਿਆ,
ਮਰਨ ਵੇਲੇ ਪੱਤਾ ਪੱਤਾ ਫੇਰ ਓਥੇ ਡਿੱਗਿਆ।

ਹਾਂ, ਰਿਹਾ ਹੈ ਪੁਰਸਲਾਤਾਂ ਨੂੰ ਵੀ ਮੇਰੇ 'ਤੇ ਗਿਲਾ,
ਸੋਚ ਦੇ ਖੰਭ ਲਾ ਕੇ, ਜਦ ਵੀ ਮੈ ਉਨ੍ਹਾਂ ਤੋਂ ਉੱਡਿਆ।

ਦਿਸ-ਹੱਦੇ ਦੇ ਨਾਲ ਮੇਰੀ ਇਸ ਤਰ੍ਹਾਂ ਬਣਦੀ ਰਹੀ,
ਖੜ੍ਹ ਗਿਆਂ ਤਾਂ ਖੜ੍ਹ ਗਿਆ ਤੁਰ ਪਿਆਂ ਤਾਂ ਤੁਰ ਪਿਆ।

ਰਾਹ ਦਿਖਾ ਸਕਦੀ ਹੈ ਲੇਕਿਨ ਰਾਹ ਬਣਾ ਸਕਦੀ ਨਹੀਂ,
ਕੀ ਕਰਾਂਗਾ ਰੌਸ਼ਨੀ ਨੂੰ! ਰਸਤਾ ਹੀ ਜੇ ਨਾ ਰਿਹਾ।

ਬਾਗ 'ਚੋਂ ਪੁੱਟਿਆ ਗਿਆ ਹੈ, ਫਿਰ ਵੀ ਮਹਿਕਾਂ ਵੰਡਦਾ,
ਅੱਜ ਭਾਵੇਂ ਅੱਗ ਦੇ ਵਿਚ ਵੀ ਹੈ ਚੰਦਨ ਝੁਲਸਿਆ।

ਏਸ ਕੁਦਰਤ ਵਿਚ ਪ੍ਰੀਤਮ! ਹੁੰਦਾ ਨਾ ਕੋਈ ਲਿਹਾਜ,
ਬਦ-ਬੋ ਹੋਵੇ ਜਾਂ ਉਹ ਖ਼ੁਸ਼-ਬੋ, ਲੈ ਹੀ ਜਾਂਦੀ ਹੈ ਹਵਾ।

ਹੌਸਲੇ ਦਾ ਸਾਥ ਲੈ ਕੇ, ਜਦ ਵੀ ਅੱਗੇ ਆਓਗੇ।
ਮੁਸ਼ਕਿਲਾਂ ਦੇ ਹੁੰਦਿਆਂ ਵੀ, ਮੰਜ਼ਿਲਾਂ ਨੂੰ ਪਾਓਗੇ।

ਇੱਛਾਵਾਂ ਦੀ ਮੱਠੀ ਮੱਠੀ ਅੱਗ ਬਲਦੀ ਰੱਖਣਾ,
ਸਾਥੀਓ! ਜੇ ਬੁਝ ਗਈ ਤਾਂ ਰਾਖ਼ ਹੀ ਬਣ ਜਾਓਗੇ।

ਅੱਗ ਦੀ ਇੱਜ਼ਤ ਕਰੋ! ਸੀਤਾ ਨਾ ਸਾੜੀ ਏਸ ਨੇ,
ਸੱਚ ਬੋਲਣ ਵਾਲਿਓ! ਏਹੋ ਹੀ ਖੱਟਿਆ ਖਾਓਗੇ।

ਬੰਸਰੀ ਨੂੰ ਦੇਖਣਾ, ਨਾ ਬਿਨ ਬੁਲਾਇਆਂ ਬੋਲਦੀ,
ਬਿਨ ਬੁਲਾਇਆਂ ਬੋਲ ਕੇ, ਬੇਸੁਰਾ ਹੀ ਗਾਓਗੇ।

ਮਨ ਜਦੋਂ ਮਰ ਜਾਏ, ਤਾਂ ਧਾਤ ਵੀ ਮਰ ਜਾਵੰਦੀ,
ਬਹੁਤੇ ਸੰਜਮ ਵਾਲਿਓ! ਵਾਟੇ ਹੀ ਬਹਿ ਪਛਤਾਓਗੇ।

ਤੁਰਨ ਤੋਂ ਪਹਿਲਾਂ ਪ੍ਰੀਤਮ! ਰਸਤਿਆਂ ਨੂੰ ਘੋਖਣਾ,
ਔਝੜਾਂ ਆਈਆਂ ਵੀ ਜੇ ਤਾਂ ਮੂਲ ਨਾ ਘਬਰਾਓਗੇ।

ਤਤਕਰਾ

ਕਦੇ ਕਦੇ ਕੋਈ ਕੁਝ ਨਾ ਕੁਝ ਚੰਗਾ ਲੱਗ ਜਾਵੇ,
ਮਨ ਦੀ ਏਸ ਅਵਸਥਾ ਨੂੰ ਕੁਝ ਨਾ ਤ੍ਰਿਪਤਾਵੇ।

ਦਿਲ ਦੀ ਚਿਤ੍ਰਸ਼ਾਲਾ ਵਿਚ ਜੋ ਤਸਵੀਰ ਬਣਾਈ,
ਵਿਆਕੁਲਤਾ ਦੀਆਂ ਕੰਧਾਂ ‘ਤੇ, ਮਨ ਆਣ ਸਜਾਵੇ।

ਸੀਤਲ-ਮਦਰਾ ਜਾਣ ਕੇ, ਬੁਲ੍ਹੀਆਂ ਨੇ ਬਿਖ ਪੀਤੀ,
ਪ੍ਰੀਤਾਂ-ਜਾਈ ਪੀੜ ਲਈ ਕੋਈ ਮਹੁਰਾ ਖਾਵੇ।

ਆਸ-ਕਿਰਣ ਨੂੰ ਘੇਰਨ, ਗ਼ਮ ਦਾ ਬੱਦਲ਼ ਆਇਆ,
ਰੌਸ਼ਨੀਆਂ ਨੂੰ ਮੇਟਣ ਲਈ, ਬਿਜਲੀ ਚਮਕਾਵੇ।

ਹਰ ਊਸ਼ਾ ਦੀ ਲਾਲੀ ਵਾਂਗੂੰ, ਸੰਝ ਸਵੇਰੇ,
ਆਸ ਨਿਰਾਸ, ਦੋਹਾਂ ਦਾ ਕੋਈ ਮੇਲ ਕਰਾਵੇ।

ਮਿਥੇ ਹੋਏ ਨਿਯਮਾਂ ਵੱਸ, ਗਿੜਦੇ ਭਾਗ ਅਸਾਡੇ,
ਤਾਰਿਆਂ ਦੀ ਝਿਲਮਿਲ ਕੀ ਆਖੇ! ਸਮਝ ਨਾ ਆਵੇ।

ਅਸਲੀਅਤ ਤੋਂ ਨਿੱਖੜ, ਜਿੰਦੜੀ ਦੁੱਖ ਸਹੇੜੇ,
ਸੁਫ਼ਨਿਆਂ ਗਲ਼ ਲੱਗ ਕੇ, ਇਹ ਸੁਖ ਨਾ ਪਾਵੇ।

ਪ੍ਰੀਤ, ਅਕਲ ਦੇ ਦਾਬੇ ਹੇਠਾਂ, ਦੱਬਦੀ ਆਈ,
ਭਾਵਾਂ ਦੀ ਸੂਖ਼ਮਤਾ, ਇਸ ਨੂੰ ਆਣ ਬਚਾਵੇ।

ਲੋਰੀ ਵਰਗਾ ਕੋਈ ਗੀਤ-ਸੰਗੀਤ ਸੁਣਾਓ!
ਜੋ ਮਨ ਦੀ ਬੇਚੈਨੀ ਨੂੰ, ਠੰਡਕ ਪਹੁੰਚਾਵੇ।

ਮਨ ਦੀ ਏਸ ਅਵਸਥਾ ਨੂੰ, ਕੁਝ ਨਾ ਤ੍ਰਿਪਤਾਵੇ,
ਕਦੇ ਕਦੇ ਕੋਈ ਕੁਝ ਨਾ ਕੁਝ ਚੰਗਾ ਲੱਗ ਜਾਵੇ।

ਕਦੇ ਖ਼ੁਸ਼ੀਆਂ ‘ਚ ਮੈਂ, ਕਦੇ ਗ਼ਮੀਆਂ ‘ਚ ਮੈਂ ਗੁਣਗੁਣਾਉਂਦਾ ਰਿਹਾ, ਗੀਤ ਗਾਉਂਦਾ ਰਿਹਾ।
ਇਹ ਪਤਾ ਸੀ ਕਿ ਰੋਇਆਂ ਨਾ ਕੁਝ ਹੋ ਸਕੇ, ਰੋਣਾ ਚਹੁੰਦਾ ਰਿਹਾ, ਮੁਸਕਰਾਉਂਦਾ ਰਿਹਾ।

ਮੇਰੇ ਰਾਹਾਂ ਦਾ ਜੋ ਆਸਰਾ ਹੋ ਗਏ, ਦੋ ਕਦਮ ਚੱਲ ਕੇ ਹੀ ਉਹ ਜੁਦਾ ਹੋ ਗਏ,
ਮੋੜ ਜੀਵਨ ਨੇ ਐਸਾ ਲਿਆ, ਉਮਰ ਭਰ, ਯਾਦ ਆਉਂਦਾ ਰਿਹਾ, ਮੈਂ ਭੁਲਾਉਂਦਾ ਰਿਹਾ।

ਰਾਤ ਆਹਿਸਤਾ ਆਹਿਸਤਾ ਤੁਰਦੀ ਰਹੀ, ਜਿੰਦ ਸੋਚਾਂ ਦੇ ਵਹਿਣਾ ‘ਚ ਖੁਰਦੀ ਰਹੀ,
ਗੱਲ ਇਸ਼ਕਾਂ ਤੇ ਅਕਲਾਂ ‘ਚ ਹੋਂਦੀ ਰਹੀ, ਨੀਦ ਰੁੱਸਦੀ ਰਹੀ, ਮੈਂ ਮਨਾਉਂਦਾ ਰਿਹਾ।

ਕਠ-ਪੁਤਲੀ ਦਾ ਖੇਡਾਂ ‘ਤੇ ਕੀ ਜ਼ੋਰ ਸੀ! ਕਿ ਖਿਡਾਰੀ ਦੇ ਹੱਥ ਓਸ ਦੀ ਡੋਰ ਸੀ,
ਉਹਨੂੰ ਜੋ ਵੀ, ਜਿਵੇਂ ਚੰਗੀ ਲੱਗਦੀ ਰਹੀ, ਓਂਵੇ ਨੱਚਦੀ ਰਹੀ, ਉਹ ਨਚਾਉਂਦਾ ਰਿਹਾ।

ਦੇਖੋ! ਕਿੱਦਾਂ ਦੀ ਮੇਰੀ ਤਬੀਅਤ ਰਹੀ, ਕਿ ਹਮੇਸ਼ਾ ਹੀ ਜੂਝਣ ਦੀ ਆਦਤ ਰਹੀ,
ਜਿਹੜੀ ਸ਼ੈਅ ਮੈਥੋਂ ਪੂਰੀ ਵੀ ਸੀ ਹੋ ਗਈ, ਫਿਰ ਤੋਂ ਢਾਉਂਦਾ ਰਿਹਾ ਤੇ ਬਣਾਉਂਦਾ ਰਿਹਾ।

ਤਤਕਰਾ

ਕਲਮ ਨੂੰ ਤਲਵਾਰ ਕਰ ਜਾਵਾਂਗਾ ਮੈਂ।
ਦੁਸ਼ਮਣੀ 'ਤੇ ਵਾਰ ਕਰ ਜਾਵਾਂਗਾ ਮੈਂ।

ਬਿਨ ਮਲਾਹਾਂ ਵਿਚ ਤੂਫ਼ਾਨਾਂ ਥੱਕੀਆਂ,
ਬਾਹਾਂ ਨੂੰ ਪਤਵਾਰ ਕਰ ਜਾਵਾਂਗਾ ਮੈਂ।

ਭਰਮਾਂ ਤੇ ਵਹਿਮਾਂ ਨੇ ਜਿਸ ਨੂੰ ਦੱਬਿਆ,
ਉਸ ਦਾ ਹੌਲਾ ਭਾਰ ਕਰ ਜਾਵਾਂਗਾ ਮੈਂ।

ਦੂਜੇ ਦੇ ਹੱਕਾਂ ਤੋਂ ਜੋ ਮੁਨਕਰ ਰਿਹਾ,
ਉਸ ਨੂੰ ਸ਼ਰਮਸਾਰ ਕਰ ਜਾਵਾਂਗਾ ਮੈਂ।

ਹੱਕ ਮੰਗਣਾ ਵੀ ਜੇ ਕੋਈ ਪਾਪ ਹੈ,
ਇਹ ਗੁਨਾਹ ਹਰ ਵਾਰ ਕਰ ਜਾਵਾਂਗਾ ਮੈਂ।

ਮਜਨੂੰਆਂ ਤੇ ਰਾਂਝਿਆਂ ਦੇ ਨਾਲ ਦਾ,
ਇਕ ਸੁੱਚਾ ਪਿਆਰ ਕਰ ਜਾਵਾਂਗਾ ਮੈਂ।

ਫ਼ਰਜ਼ ਪੂਰਾ ਜੇ ਨਾ ਮੈਂ ਕਰ ਸਕਿਆ,
ਆਉਣ ਦਾ ਇਕਰਾਰ ਕਰ ਜਾਵਾਂਗਾ ਮੈਂ।

ਯਾਰ ਕੀ! ਦੁਸ਼ਮਣ ਵੀ ਚੇਤੇ ਕਰਨਗੇ,
ਜਿਸ ਜਗਹ ਤੋਂ ਜਦ ਗੁਜ਼ਰ ਜਾਵਾਂਗਾ ਮੈਂ।

ਉੱਠੇਗਾ, ਪ੍ਰੀਤਮ ਜਿਹਾ ਕੋਈ ਹੋਰ ਵੀ,
ਦੁਨੀਆਂ ਤੋਂ ਜਦ ਯਾਰ! ਮਰ ਜਾਵਾਂਗਾ ਮੈਂ।

ਕੱਲ੍ਹ ਤੇਰੇ ਪਰਵਾਨਿਆਂ ਦੀ ਪ੍ਰਸਿਥਿੱਤੀ ਹੋਰ ਸੀ,
ਕੱਲ੍ਹ ਅਮਾਵਸ ਰਾਤ ਸੀ, ਕ੍ਹੱਲ ਦੀ ਮਿੱਤੀ ਹੋਰ ਸੀ।

ਅੱਜ ਅਸਾਂ ਦਿਲ ਨੂੰ ਮਨਾ ਕੇ, ਤੈਨੂੰ ਮਨੋਂ ਭੁਲਾ ਲਿਆ,
ਕੱਲ੍ਹ ਤੇਰੇ ਬਿਨ ਜੀਣ ਦੀ, ਸਾਡੀ ਦੁਚਿੱਤੀ ਹੋਰ ਸੀ।

ਪਿਆਰ ਵਿਕਦਾ ਦੇਖ ਕੇ ਦੰਗ ਰਹਿ ਗਏ, ਘਬਰਾ ਗਏ,
ਦੌਲਤਮੰਦਾਂ ਤੋਂ ਅਸਾਂ, ਬਾਜ਼ੀ ਜੋ ਜਿੱਤੀ ਹੋਰ ਸੀ।

ਕਹਿਣ ਨੂੰ ਤਾਂ ਉਹ ਮਾਮੂਲੀ, ਛੱਲਾ ਸੀ ਜੋ ਦੇ ਗਿਆ,
ਉਸ ਨਿਸ਼ਾਨੀ ਵਿਚ ਛੁਪਾਕੇ, ਸ਼ੈਅ ਜੋ ਦਿੱਤੀ ਹੋਰ ਸੀ।

ਘਟ ਗਿਆ ਹੈ ਜੋਸ਼ ਤੇ ਹੁਣ ਘਟੀਆਂ ਬਦ-ਗੁਮਾਨੀਆਂ,
ਵਿਚ ਜਵਾਨੀ ਦੇ ਪ੍ਰੀਤਮ! ਇਹ ਸਥਿੱਤੀ ਹੋਰ ਸੀ।

ਤਤਕਰਾ

ਕੱਲ੍ਹ ਦਾ ਸਿਰ ਉੱਠਿਆ ਤੇ ਅੱਜ ਦਾ ਸੂਰਜ ਢਲ ਗਿਆ,
ਅੱਜ ਨੇ, ਇਕ ਆਉਣ ਵਾਲੇ ਕੱਲ੍ਹ ਤੋਂ ਹੈ ਬਦਲਾ ਲਿਆ।

ਕੱਲ੍ਹ ਉਹ ਜਿਹੜੇ ਰਾਹ 'ਤੇ ਤੁਰਿਆ ਤੇ ਤੂੰ ਕਤਿਲ ਕਿਹਾ,
ਕਿਉਂਤੂੰ ਮੁਨਸਫ਼ ਹੋ ਕੇ ਅੱਜ ਓਸੇ ਹੀ ਰਾਹ 'ਤੇ ਤੁਰ ਪਿਆ?

ਜੋ ਵੀ ਆਇਆ ਓਸ ਦਾ ਹੀ ਜਾਣ ਨੂੰ ਨਾ ਦਿਲ ਕਰੇ,
ਪਰ ਜੋ ਸੱਚ ਲਈ ਮਰ ਗਿਆ ਬਸ ਉਹ ਸਦਾ ਏਥੇ ਰਿਹਾ।

ਬਾਗ 'ਚੋਂ ਪੁੱਟਿਆ ਗਿਆ ਹੈ, ਫਿਰ ਵੀ ਮਹਿਕਾਂ ਵੰਡਦਾ,
ਅੱਜ ਭਾਵੇਂ ਅੱਗ ਦੇ ਵਿਚ ਵੀ ਹੈ ਚੰਦਨ ਝੁਲਸਿਆ।

ਸਿੰਮ ਜਾਣੈ, ਨ੍ਹੇਰਿਆਂ ਦੇ ਮਾਰੇ ਹੋਏ ਵਕਤ ਨੇ,
ਦੁੱਖਾਂ ਭਰੀਆਂ ਕਹਿਰਵੀ ਰਾਤਾਂ ਦਾ ਭਾਂਡਾ ਤਿੜਕਿਆ।

ਇਸ਼ਕ ਦੀ ਗਰਮੀ ਦੇ ਅੱਗੇ, ਸ਼ਮ੍ਹਾਂ ਦੀ ਅੱਗ ਕੀ ਕਰੇ!
ਜੋ ਪਤੰਗਾ, ਜੋ ਹੈ ਪ੍ਰੀਤਮ, ਉਹ ਨਾ ਜਾਵੇ ਵਰਜਿਆ।

ਕਿਸੇ ਇਕ ਦੇ ਸੁਹੱਪਣ ਨਾਲ ਹੀ ਹੋਇਓਂ ਸੁਦਾਈ ਕਿਉਂ?
ਪਰੇ ਤੋਂ ਹੈ ਪਰੇ ਦੁਨੀਆਂ, ਤੂੰ ਏਨੀ ਗੱਲ ਭੁਲਾਈ ਕਿਉਂ?

ਕਿਸੇ ਦੇ ਧਰਮ ਨੂੰ, ਤੂੰ ਵੀ ਤਾਂ ਆਖ਼ਰ ਧਰਮ ਕਹਿੰਦਾ ਹੈਂ,
ਤਾਂ ਫਿਰ, ਓ ਧਰਮ ਦੇ ਰਾਖੇ! ਧਰਮ ਦੀ ਹੀ ਬੁਰਾਈ ਕਿਉਂ?

ਨਾ ਰੱਬ ਦੇਖਿਆ ਉਹਨੇ ਤੇ ਨਾ ਤੈਨੂੰ ਨਜ਼ਰ ਆਇਆ,
ਤਾਂ ਦੱਸ ਫਿਰ! ਮਨ ਦੀਆਂ ਕਾਢਾਂ ਦੇ ਪਿੱਛੇ ਹੀ ਲੜਾਈ ਕਿਉਂ?

ਵਫ਼ਾ ਹੀ ਕਰਨੀ ਹੈ ਤਾਂ ਫੇਰ ਸਭ ਦੇ ਨਾਲ ਕਰ ਯਾਰਾ!
ਸਿਰਫ਼ ਇੱਕੋ ਦੇ ਬਦਲੇ, ਦੂਜਿਆਂ ਨਾ' ਬੇ-ਵਫ਼ਾਈ ਕਿਉਂ?

ਜ਼ਰਾ ਬਾਹਰ ਤੇ ਆ ਕੇ ਦੇਖ, ਕਿੰਨੀ ਸੁਹਣੀ ਹੈ ਹਰ ਥਾਂ,
ਇਕ ਭੀੜੇ ਚੌਗਿਰਦੇ ਵਿਚ ਹੀ, ਦੁਨੀਆਂ ਵਸਾਈ ਕਿਉਂ?

'ਲਾਈ-ਲੱਗ-ਮੋਮਨ' ਤੋਂ ਤਾਂ 'ਖੋਜੀ-ਕਾਫ਼ਰ' ਚੰਗਾ ਹੈ,
ਮਨੁੱਖਤਾ ਵਾਸਤੇ ਫਿਰ ਇਕ ਥਾਂ ਧੂਣੀ ਰਮਾਈ ਕਿਉਂ?

'ਅਹਿੰਸਾ-ਪਰਮੋਧਰਮਾ' ਹੈ, 'ਭਲਾ ਸਰਬੱਤ ਦਾ ਹੋਵੇ'
ਇਹ ਕਹਿ ਕੇ ਬਗਲ ਦੇ ਥੱਲੇ, ਛੁਰੀ ਦੱਸ ਫਿਰ ਛੁਪਾਈ ਕਿਉਂ?

ਤੇਰੇ ਆਉਣੇ ਤੇ ਜਾਣੇ ਨੂੰ, ਰਸਮਾਂ ਰੋਕ ਨਹੀਂ ਲੈਣਾ,
ਖ਼ੁਸ਼ਹਾਲੀ ਦੇ ਰਸਤੇ ਵਿਚ, ਇਨ੍ਹਾਂ ਦੀ ਕੰਧ ਬਣਾਈ ਕਿਉਂ?

ਕਦੇ ਸੁਣਿਆਂ ਹੈ, ਹਰ ਫ਼ਿਰਕੇ ਦਾ ਆਪਣਾ ਸੁਰਗ ਵੱਖਰਾ ਹੈ!
ਜੇ ਓਥੇ ਇਕ ਥਾਂ ਰਹਿਣਾ ਤਾਂ ਨਾ ਏਥੇ ਨਿਭਾਈ ਕਿਉਂ?

ਜੇ ਉਹਦਾ ਧਰਮ ਵੱਖਰਾ ਹੈ ਤਾਂ ਦੱਸ ਤੇਰਾ ਕੀ ਜਾਂਦਾ ਹੈ!
ਓ ਪ੍ਰੀਤਮ! ਪਿਆਰ ਕਰ, ਐਵੇਂ ਹੀ ਏਥੇ ਅੱਤ ਚਾਈ ਕਿਉਂ?

ਤਤਕਰਾ

ਕਿਸੇ ਦੀ ਭਾਲ 'ਚ ਏਨਾ ਵੀ ਕੀ, ਕੋਈ ਧਿਆਨ ਲਗਾਵੇ!
ਆਪਣੇ ਆਪ ਨੂੰ ਰੱਖੇ ਕਿਧਰੇ ਤੇ ਚੇਤਾ ਭੁੱਲ ਜਾਵੇ।

ਆਉਣ ਹੀ ਵਾਲਾ ਹੈ ਦਿਨ, ਲੈ ਕੇ ਆਪਣੇ ਨਾਲ ਉਜਾਲੇ,
ਸੁਬਹ ਦਾ ਤਾਰਾ ਜਾਣ ਲੱਗਿਆਂ, ਇਹ ਵਿਸ਼ਵਾਸ ਦਿਵਾਵੇ।

ਫ਼ਲਸਫ਼ੇ ਨਹੀਂ ਕਦੇ ਵੀ ਕਰਦੇ, ਆਤਮ-ਹੱਤਿਆ ਏਥੇ,
'ਸਮੇਂ' ਨੂੰ ਕੀ ਪਰਵਾ ਕਿਸੇ ਦੀ, ਕੋਈ ਜਾਵੇ ਕੋਈ ਆਵੇ।

ਚੰਗਾ ਵੀ ਹੁੰਦਾ ਹੈ, ਜੇਕਰ ਬੱਚਾ ਜ਼ਿਦ ਕਰਦਾ ਹੈ,
ਇਹ ਹੀ ਪ੍ਰਤੀਕਰਮ ਹੈ, ਉਸ ਨੂੰ ਜੋ ਮਜ਼ਬੂਤ ਬਣਾਵੇ।

ਦਿਨ ਭਰ ਥੱਕੇ ਅੰਗ ਕਾਮੇ ਦੇ, ਰਊਂ ਰਊਂ ਨੇ ਕਰਦੇ,
ਪ੍ਰੀਤਮ! ਰਾਤ ਨੂੰ ਕਹਿ ਦੇ ਏਨਾ, ਇਹ ਕੋਈ ਲੋਰੀ ਗਾਵੇ।

ਕਿਸੇ ਬਿੜਕ ਦਾ, ਥੁਹੜਾ ਤਾਂ ਸਾਰ ਦੇ ਮੈਨੂੰ!
ਮੈਂ ਬੇ-ਕਰਾਰ ਹਾਂ, ਕੁਝ ਤੇ ਕਰਾਰ ਦੇ ਮੈਨੂੰ।

ਸੁਣਾ ਕੇ ਫ਼ੈਸਲਾ, ਤੂੰ ਨਾ ਨਾ-ਉਮੀਦ ਕਰੀਂ,
ਹੈ ਇਸ ਤੋਂ ਬਿਹਤਰ ਕਿ ਇੰਤਜ਼ਾਰ ਦੇ ਮੈਨੂੰ।

ਜੇ ਜਾਨ ਮੰਗਾਂ ਤਾਂ ਕੋਈ ਜਾਨ ਵੀ ਦੇਵੇ,
ਕਿਸੇ ਈਮਾਨ ਦੇ ਵਰਗਾ ਵਕਾਰ ਦੇ ਮੈਨੂੰ।

ਜਿੱਥੋਂ ਚੱਲਿਆ ਲਗਦੈ ਕਿ ਹਾਲੇ ਓਥੇ ਹਾਂ,
ਮੈਂ ਵਗਦੇ ਖੂਹ ਦਾ ਪਾਣੀ, ਨਿਸਾਰ ਦੇ ਮੈਨੂੰ।

ਜਾਣਦਾ ਹਾਂ ਕਿ ਥੋੜ੍ਹ-ਚਿਰੀ ਹੈ ਫਿਰ ਵੀ,
ਫ਼ਿਜ਼ਾ 'ਚ ਖ਼ੁਸ਼ਬੂ ਦੇ ਵਾਂਗੂੰ, ਖਿਲਾਰ ਦੇ ਮੈਨੂੰ।

ਅਜੇ ਤਾਈਂ ਤਾਂ ਤਲਖ਼ੀ ਦੇ ਵਿਚ ਹੀ ਬੀਤੀ,
ਓ ਮੇਰੇ ਪ੍ਰੀਤਮ! ਹੁਣ ਤੇ ਪਿਆਰ ਦੇ ਮੈਨੂੰ।

ਤਤਕਰਾ

ਕਿਰਣ ਬਣ ਕੇ ਜਦੋਂ ਮੈਂ ਪਾਰ-ਦਰਸ਼ੀ 'ਚੋਂ ਗੁਜ਼ਰ ਜਾਵਾਂ,
ਦਿਖਾਵਾਂ ਰੰਗ ਆਪਣੇ ਮੈਂ ਤੇ ਦਿਖਲਾ ਕੇ ਬਿਖਰ ਜਾਵਾਂ।

ਮਰਨਾ ਹੀ ਹੈ ਜੇ ਤਾਂ ਇਸ ਤਰ੍ਹਾਂ ਦੇ ਨਾਲ ਮਰ ਜਾਵਾਂ,
ਬਣਾ ਖ਼ੁਸ਼ਬੋ ਤੇ ਖਿੰਡਰ ਕੇ ਚੌਗਿਰਦੇ ਨੂੰ ਭਰ ਜਾਵਾਂ।

ਇਹ ਜੋ ਰਾਹ 'ਚ ਬੈਠੇ ਨੇ, ਇਨ੍ਹਾਂ ਨੇ ਹੋਰ ਕੀ ਕਰਨਾ?
ਮੈਂ ਸਾਰੇ ਰਾਹ ਸਜਾਉਣੇ ਨੇ, ਕਿਵੇਂ ਏਥੇ ਠਹਿਰ ਜਾਵਾਂ!

ਜਦੋਂ ਬੱਦਲ ਬਣਾਂ ਤਾਂ ਉੱਡਾਂ ਇਹ ਹੀ ਆਰਜ਼ੂ ਲੈ ਕੇ,
ਯਕੀਨਨ ਮੌਤ ਵੀ ਹੋਵੇ ਤਾਂ ਮਾਰੂਥਲ 'ਚ ਵਰ੍ਹ ਜਾਵਾਂ।

ਪ੍ਰੀਤਮ! ਹਰ ਕੋਈ ਹੀ ਸੋਚਦਾ ਹੈ, ਮਰਨ ਤੋਂ ਪਹਿਲਾਂ,
ਮੈਂ ਏਥੇ ਇਹ ਵੀ ਕਰ ਜਾਵਾਂ ਤੇ ਏਥੇ ਔਹ ਵੀ ਕਰ ਜਾਵਾਂ।

ਕੁਝ ਇਕ ਖ਼ਾਸ-ਕਹਾਣੀਆਂ ਹੋਸਣ, ਸਾਡੀ ਤਾਂ ਹੈ ਆਮ,
ਕਿਸ਼ਤਾਂ ਦੇ ਵਿਚ ਸਫ਼ਰ ਹੈ ਕੀਤਾ, ਕਿਸ਼ਤਾਂ ਵਿਚ ਆਰਾਮ।

ਚੱਲਦੇ ਨੇ ਜੋ ਨਾਲ ਸਮੇਂ ਦੇ, ਸੰਪਰਦਾ ਨਾ ਮੰਨਦੇ,
ਨਾ ਕੋਈ ਸੁਬਹ ਉਨ੍ਹਾਂ ਦੀ ਹੁੰਦੀ, ਨਾ ਕੋਈ ਹੁੰਦੀ ਸ਼ਾਮ।

ਕੱਟੀ ਹੋਈ ਪਤੰਗ ਨੂੰ ਲੁੱਟਦਾ, ਕੋਠੇ ਉੱਤੋਂ ਡਿੱਗਾ,
ਇਸ ਦੁਨਿਆਵੀ ਖੇਡ 'ਚ ਦੇਖਾਂ, ਦੋਹਾਂ ਦਾ ਅੰਜਾਮ।

ਉਸ ਦੇ ਹੰਝੂਆਂ ਦੀ ਦੌਲਤ ਦਾ, ਇਵਜ਼ ਨਾ ਕੋਈ ਮਿਲਦਾ,
ਜਿਸ ਦਾ ਸਬਰ ਸਲਾਮਤ ਹੋਵੇ, ਐਪਰ ਇਸ਼ਕ ਨਾਕਾਮ।

ਨਾ ਹੀ ਮਹਾਂਪੁਰਖ ਹਾਂ ਕੋਈ, ਨਾ ਹੀ ਮੈਂ ਪੈਗ਼ੰਬਰ,
ਨਾ ਹੀ ਮੇਰੀ ਕੋਈ ਨਸੀਹਤ, ਨਾ ਪ੍ਰੀਤਮ! ਪੈਗ਼ਾਮ।

ਤਤਕਰਾ

ਕੁਝ ਕੁ ਲੋਕੀ ਇਸ ਤਰ੍ਹਾਂ ਬੀਮਾਰ ਨੇ,
ਜੀਣ ਵਿਚ ਵੀ ਮੌਤ ਦੇ ਆਸਾਰ ਨੇ।

ਹੋਰ ਤਾਂ ਲੇਖਾ ਚੁਕਾਇਆ ਜਿੰਦ ਨੇ,
ਕੁਝ ਕੁ ਔਖੇ-ਸਾਹ ਲਹਿਣੇਦਾਰ ਨੇ।

ਦੇਰ ਤੋਂ ਹੀ ਨਾ ਕਿਸੇ ਵੰਗਾਰਿਆ,
ਦੇਰ ਤੋਂ ਹੀ ਹੌਸਲੇ ਬੇਕਾਰ ਨੇ।

ਵਲਗਣਾ ਦੇ ਪਿੱਛੇ ਦੇਖਣ ਦੇ ਲਈ,
ਬੇ-ਸਬਰ ਅਰਮਾਨ ਪੱਬਾਂ-ਭਾਰ ਨੇ।

ਚਹੁੰਦੇ ਹੋਏ ਵੀ ਨਾ ਗੱਲ ਅੱਗੇ ਤੁਰੀ,
ਖਾੜਕੂ ਜੋ ਇਸ ਦੇ ਪਹਿਰੇਦਾਰ ਨੇ!

ਸ਼ੀਸ਼ਿਆਂ 'ਚੋਂ ਸੱਚ ਕੱਢਣ ਵਾਸਤੇ,
ਏਸ ਥਾਂ ਕਾਨੂੰਨ ਵੀ ਸੰਗ-ਦਾਰ ਨੇ।

ਗੋਤੇ ਖਾਂਦਾ ਪੁੱਜਿਆ 'ਪ੍ਰੀਤਮ' ਜਦੋਂ,
ਕਹਿਣ ਲੱਗੇ 'ਉਹ' ਤੇ ਦੂਜੇ ਪਾਰ ਨੇ।

ਕੁਦਰਤ ਦਾ ਰੰਗੀਨ ਫ਼ਲਸਫ਼ਾ, ਮੌਸਮ ਪੈਦਾ ਕਰਦਾ ਹੈ।
ਕਿਧਰੇ ਖ਼ੁਸ਼ੀਆਂ ਕਿਧਰੇ ਗ਼ਮੀਆਂ ਹਰਦਮ ਪੈਦਾ ਕਰਦਾ ਹੈ।

ਚੰਗਿਆਈ ਦੀ ਮੰਜ਼ਿਲ ਦੇ ਵੀ ਵੱਖਰੇ ਵੱਖਰੇ ਰਾਹ ਹੁੰਦੇ,
ਜ਼ੁਲਮ ਮਿਟਾਵਣ ਦਾ ਜਜ਼ਬਾ ਵੀ, ਮੁਜਰਮ ਪੈਦਾ ਕਰਦਾ ਹੈ।

ਡਿੱਗ ਕੇ ਸੰਭਲਣ ਦੇ ਵਾਸਤੇ, ਦੇਰ ਹੋਈ ਤਾਂ ਕੀ ਹੋਇਆ!
ਚੰਦ ਏਕਮ ਦਾ ਹੌਲੀ ਹੌਲੀ ਪੂਨਮ ਪੈਦਾ ਕਰਦਾ ਹੈ।

ਮਾਨਵਤਾ ਦੇ ਦੁੱਖ-ਸੁਖ ਅੰਦਰ, ਕੁਦਰਤ ਹੱਥ ਵਟਾਉਂਦੀ ਹੈ,
ਮਨ ਦੀ ਪੀੜ ਤੇ ਰੁੱਖ ਦਾ ਰਿਸ਼ਤਾ, ਗੌਤਮ ਪੈਦਾ ਕਰਦਾ ਹੈ।

ਹਰ ਇਕ ਸ਼ੈਅ ਦੇ ਵਾਂਗ ਜਦੋਂ ਤੂਫ਼ਾਨ ਕੋਈ ਮਿਟ ਜਾਂਦਾ ਹੈ,
ਸ਼ੋਰ ਸ਼ਰਾਬਾ ਖ਼ਾਮੋਸ਼ੀ ਦਾ ਆਲਮ ਪੈਦਾ ਕਰਦਾ ਹੈ।

ਜਦੋਂ ਕਿਸੇ ਮਸਤੀ ਦਾ ਆਲਮ, ਆ ਜਾਵੇ ਮਨ ਦੇ ਅੰਦਰ,
ਸਾਜ਼ ਕੋਈ ਹੋਵੇ ਨਾ ਹੋਵੇ, ਸਰਗਮ ਪੈਦਾ ਕਰਦਾ ਹੈ।

ਕੋਈ ਇਨ੍ਹਾਂ ਨੂੰ ਮੋਤੀ ਆਖੇ, ਕੋਈ ਹੰਝੂ ਕਹਿੰਦਾ ਹੈ,
ਇੱਕੋ ਤਰ੍ਹਾਂ ਹੀ ਭਾਵੇਂ ਮੌਸਮ, ਸ਼ਬਨਮ ਪੈਦਾ ਕਰਦਾ ਹੈ।

ਪਸ਼ੂ ਪੰਛੀਆਂ ਦੇ ਵੱਸ ਦੀ ਤਾਂ ਗੱਲ ਨਹੀਂ ਹੈ ਇਹ ਪ੍ਰੀਤਮ,
ਆਪਣਾ ਰਾਜ਼ ਖੋਲ੍ਹਣ ਲਈ ਕਰਤਾ ਆਦਮ ਪੈਦਾ ਕਰਦਾ ਹੈ।

ਤਤਕਰਾ

ਕੋਈ ਜਾਣੇ ਤਾਂ ਕੀ ਜਾਣੇ ? ਗੁਮਨਾਮ ਦੀ ਕਹਾਣੀ ।
ਮੈਂ ਦੱਸਾਂ ਤਾਂ ਕੀ ਦੱਸਾਂ ? ਤੇਰੇ ਨਾਮ ਦੀ ਕਹਾਣੀ ।

ਕੁਝ ਕਰਨ ਤੋਂ ਬਿਨਾਂ ਹੀ, ਬਦਨਾਮ ਹੋ ਨਾ ਜਾਵੀਂ,
ਬਦ ਨਾਲ਼ੋਂ ਵੀ ਬੁਰੀ ਹੈ, ਬਦਨਾਮ ਦੀ ਕਹਾਣੀ ।

ਨੈਣਾ ਦੇ ਸਾਗਰਾਂ 'ਚੋਂ, ਮਸਤੀ ਨੂੰ ਪੀਣ ਵਾਲ਼ੇ!
ਮੁੱਕਣੀ ਨਹੀਂ ਕਦੀ ਵੀ, ਇਸ ਜਾਮ ਦੀ ਕਹਾਣੀ ।

ਜ਼ਖ਼ਮੀ ਉਡੀਕ ਲੈ ਕੇ, ਇਕ ਸ਼ਾਮ ਕਿੰਜ ਤੜਪੀ ?
ਤੇਰੀ ਸੁਬਾਹ ਕਹਿ ਗਈ ਹੈ ਉਸ ਸ਼ਾਮ ਦੀ ਕਹਾਣੀ ।

ਆਦਮ ਤੋਂ ਅੱਜ ਤਾਈਂ, ਜਜ਼ਬਾਤ ਦੱਬਣੇ ਨੂੰ,
ਦੁਹਰਾਈ ਜਾ ਰਹੀ ਹੈ, ਇਲਜ਼ਾਮ ਦੀ ਕਹਾਣੀ।

ਕੌਣ ਸੀ? ਜੋ ਖ਼ਾਕ ਤੋਂ ਕੋਈ ਚੀਜ਼ ਲੈ ਕੇ ਆ ਗਈ,
ਕੁਝ ਹਸਾ ਕੇ, ਕੁਝ ਰੁਵਾ ਕੇ, ਖ਼ਾਕ ਨੂੰ ਪਰਤਾ ਗਈ।

ਦੇਖ ਕੇ ਬਚਪਨ ਦੀ ਇਕ ਤਸਵੀਰ ਮੈਂ ਇਹ ਸੋਚਦਾਂ,
ਹੁਣ ਤਾਈਂ ਇਹ ਜ਼ਿੰਦਗੀ ਕੀ ਖੋ ਗਈ ਕੀ ਪਾ ਗਈ!

ਨਾ-ਤਜਰਬਾਕਾਰ ਹੈ ਜੀਵਨ ਦੇ ਰਾਹ 'ਤੇ ਜ਼ਿੰਦਗੀ,
ਫੇਰ ਕੀ ਹੋਇਆ! ਜੇ ਇਹ ਡਰ ਗਈ ਘਬਰਾ ਗਈ।

ਇਕ ਮੱਛੀ ਤੋਂ ਜਦੋਂ ਪੁੱਛੀ ਕਹਾਣੀ ਸੱਚ ਦੀ,
ਕਹਿਣ ਲੱਗੀ, "ਜ਼ਿੰਦਗੀ ਨੂੰ ਜ਼ਿੰਦਗੀ ਹੀ ਖਾ ਗਈ"।

ਮਾਰੂਥਲ ਦਾ ਸੁਹਲ-ਹਿਰਦਾ ਜ਼ੱਰਾ ਜ਼ੱਰਾ ਹੋ ਗਿਆ,
ਫੇਰ ਬਿਨ ਬਰਸੇ ਹੀ ਉਸ 'ਤੋਂ ਲੰਘ ਕੇ ਬਰਖਾ ਗਈ।

ਹਰ ਕਦਮ 'ਤੇ ਛੱਡੀਆਂ ਨੇ ਕੁਝ ਕੁ ਯਾਦਾਂ ਮਿੱਠੀਆਂ,
ਦੋਸ਼ ਨਾ ਦੇਣਾ, ਇਨ੍ਹਾਂ 'ਚੋਂ ਜੇ ਕੋਈ ਤੜਪਾ ਗਈ।

ਤੁਰ ਗਈ ਬਹਾਰ ਦਾ ਮਾਤਮ ਨਾ ਕਰਨਾ ਦੋਸਤੋ!
ਏਨਾ ਹੀ ਕਾਫ਼ੀ ਹੈ ਕਿ ਉਹ ਬਾਗ ਨੂੰ ਮਹਿਕਾ ਗਈ।

ਐ ਹਵਾ! ਕੀ ਏਸ ਗੱਲ ਦਾ ਵੀ ਤੈਨੂੰ ਅਹਿਸਾਸ ਹੈ!
ਕਿਹੜੀ ਕਿਹੜੀ ਥਾਂ 'ਤੇ ਪੱਤੇ ਝਾੜ ਕੇ ਪਹੁੰਚਾ ਗਈ।

ਯਾਦ ਵੀ ਨਾ ਆਏਗੀ, ਪ੍ਰੀਤਮ! ਕਹਾਣੀ ਆਪਣੀ,
ਮੰਨਿਆਂ ਕਿ ਚਾਰ ਦਿਨ ਲੋਕਾਂ ਦੇ ਮਨ 'ਤੇ ਛਾ ਗਈ।

ਤਤਕਰਾ

ਕੌਣ ਕਹਿੰਦਾ ਹੈ ਕਿ ਮੰਦਰ ਵਿਚ ਖ਼ੁਦਾ ਹੁੰਦਾ ਨਹੀਂ?
ਦੋਸਤੋ! ਭਗਵਾਨ, ਮਸਜਿਦ ਤੋਂ ਜੁਦਾ ਹੁੰਦਾ ਨਹੀਂ।

ਮਿਰਗ-ਤ੍ਰਿਸ਼ਨਾ, ਮੰਦਰਾਂ ਤੇ ਮਸਜਿਦਾਂ ਵਿਚਕਾਰ ਹੈ,
ਦੇਖਣ ਨੂੰ ਲਗਦਾ ਤਾਂ ਹੈ, ਪਰ 'ਫ਼ਾਸਲਾ' ਹੁੰਦਾ ਨਹੀਂ।

'ਰਾਮ' ਤੋਂ 'ਅੱਲ੍ਹਾ', ਜ਼ੁਬਾਨਾਂ, ਭਾਸ਼ਾਵਾਂ ਵਿਚ ਵੱਖਰਾ,
ਪਿਆਰ ਦੀ ਬੋਲੀ ਦੇ ਵਿਚ 'ਇਹ' ਵੱਖਰਾ ਹੁੰਦਾ ਨਹੀਂ।

ਰੱਬ ਦਾ ਘਰ ਢਾਉਣ ਆਏ, ਦਰਵਾਜ਼ਾ ਨਾ ਢਾ ਸਕੇ,
ਉਨ੍ਹਾਂ ਨੂੰ ਤਾਂ ਇਸ ਦਾ ਕੋਈ ਥਹੁ -ਪਤਾ ਹੁੰਦਾ ਨਹੀਂ।

ਦੁਖੀਆਂ ਦੀ ਸੇਵਾ ਕਰਦਿਆਂ ਜੋ ਨਮਾਜ਼ਾਂ ਭੁੱਲ ਗਿਆ,
'ਅੱਲ੍ਹਾ ਦੀ ਦਰਗਾਹ' ਦੇ ਵਿਚ, ਉਹ ਬੁਰਾ ਹੁੰਦਾ ਨਹੀਂ।

ਇਸ ਖ਼ੁਸ਼ੀ ਦੀ ਕੀ ਕਦਰ ਹੈ, ਕਿਸ ਤਰ੍ਹਾਂ ਜਾਣੇ ਕੋਈ,
ਜਦ ਤਾਈਂ ਜੀਵਨ ਦੇ ਅੰਦਰ, ਹਾਦਸਾ ਹੁੰਦਾ ਨਹੀਂ।

ਜਿਸ ਦਾ ਪੇਸ਼ਾ ਪ੍ਰੀਤ ਹੈ ਤੇ ਜਿਸ ਦਾ ਜੀਵਨ ਪ੍ਰੀਤ ਹੈ,
ਬਾਵਫ਼ਾ ਬਣ ਕੇ, ਉਹ 'ਪ੍ਰੀਤਮ', ਬੇਵਫ਼ਾ ਹੁੰਦਾ ਨਹੀਂ।

ਖ਼ਬਤ ਹੋਈ ਜ਼ਿੰਦਗੀ, ਰੁਜ਼ਗਾਰ ਵਿਚ, ਪਰਿਵਾਰ ਵਿਚ।
ਗੁੰਮ ਹੈ ਹਰ ਆਦਮੀ, ਆਪਣੇ ਹੀ ਸੰਸਾਰ ਵਿਚ।

ਇਕ ਧਰਤੀ, ਇਕ ਮੌਸਮ, ਇਕ ਜੜ੍ਹ, ਇਕ ਸ਼ਾਖ਼ ਹੈ,
ਦੇਖ! ਪਰ ਕਿੰਨਾ ਫ਼ਰਕ ਹੈ, ਫੁੱਲ ਵਿਚ ਤੇ ਖਾਰ ਵਿਚ।

ਸਦੀਆਂ ਹੋਈਆਂ, ਇਸ਼ਕ ਲਈ, ਦੱਬੀ 'ਕਲੀ-ਅਨਾਰ' ਦੀ,
ਹੁਸਨ ਦੀ ਖ਼ੂਬੀ, ਕਿ ਮਹਿਕੇ, ਹਾਲੇ ਤਕ ਦੀਵਾਰ ਵਿਚ।

ਦੇਖਣ ਨੂੰ ਬਹੁਤਾ ਫ਼ਰਕ ਲਗਦਾ ਨਹੀਂ ਪਰ ਇਸ਼ਕ ਲਈ,
ਜ਼ਿੰਦਗੀ ਤੇ ਮੌਤ ਦਾ ਹੈ, ਪਾਰ ਤੇ ਉਰਵਾਰ ਵਿਚ।

ਕਿਉਂਕਿ ਇਹ ਦੋਵੇਂ ਹੀ ਰਾਹ ਜਜ਼ਬਾਤ ਦੀ ਸੰਤਾਨ ਹਨ,
ਹੈ ਮੁਨਾਸਬ ਹਰ ਕਦਮ, ਜੰਗ ਵਿਚ ਤੇ ਪਿਆਰ ਵਿਚ।

ਤਤਕਰਾ

ਖ਼ਾਮੀਆਂ ਅਕਸਰ ਫ਼ਸਾਨਾ ਬਣਦੀਆਂ,
ਇਕ ਉਦਾਸੀ ਦਾ ਬਹਾਨਾ ਬਣਦੀਆਂ।

ਰਾਖ਼ ਹੀ, ਅੰਜਾਮ ਹੈ ਹਰ ਚਿੰਣਗ ਦਾ,
ਰੌਣਕਾਂ ਮਿਟ ਕੇ, ਵੀਰਾਨਾ ਬਣਦੀਆਂ।

ਪੀੜ ਦੀ ਪਰਵਾਜ਼ ਜਾਂਦੀ ਵਿੰਨ੍ਹਦੀ,
ਸੱਧਰਾਂ, ਜਦ ਵੀ ਨਿਸ਼ਾਨਾ ਬਣਦੀਆਂ।

ਦਿਲ-ਸਰੋਵਰ ਵਿਚ ਜਦੋਂ ਜਜ਼ਬਾ ਗਿਰੇ,
ਉੱਠਦੀਆਂ ਲਹਿਰਾਂ ਤਰਾਨਾ ਬਣਦੀਆਂ।

ਨੇਕ-ਬਖ਼ਤੀ ਦੀ ਵਿਰਾਸਤ ਵਾਲੀਆਂ,
ਕੀਮਤਾਂ ਹੀ ਤਾਂ ਖ਼ਜ਼ਾਨਾ ਬਣਦੀਆਂ।

ਉਹ ਪ੍ਰੀਤਮ! ਆਪਣਾ ਨਾ ਰਹਿ ਜਾਵੰਦਾ,
ਜਿਸ ਦੀਆਂ ਨਜ਼ਰਾਂ ਬੇਗ਼ਾਨਾ ਬਣਦੀਆਂ।

ਖ਼ੁਦ-ਮਿਜ਼ਾਜੀ ਦਾ ਸਮਾਂ ਹੈ, ਦੋਸਤੋ!
ਸੰਗ-ਤਰਾਸ਼ੀ ਦਾ ਸਮਾਂ ਹੈ, ਦੋਸਤੋ!

ਖੇਡ ਦੇ ਕਾਨੂੰਨ ਸਿੱਧੇ ਕਰ ਲਏ,
ਆਪਣੀ-ਬਾਜ਼ੀ ਦਾ ਸਮਾਂ ਹੈ, ਦੋਸਤੋ!

ਹੁਣ ਸ਼ਰਾਫ਼ਤ ਦੜ ਕੇ ਨਾ ਰਹਿ ਜਾਏਗੀ,
ਹੁਣ ਆਜ਼ਾਦੀ ਦਾ ਸਮਾਂ ਹੈ, ਦੋਸਤੋ!

ਲੱਗਦੇ ਲੱਗਦੇ ਲਿਵ ਅਸਾਡੀ ਲੱਗ ਗਈ,
ਹੁਣ ਖ਼ੁਮਾਰੀ ਦਾ ਸਮਾਂ ਹੈ, ਦੋਸਤੋ!

ਨਿਅਮਤਾਂ ਦੀ, ਅੱਜ ਲੱਗੀ ਹੈ ਝੜੀ,
ਪੁਰ-ਆਬਾਦੀ ਦਾ ਸਮਾਂ ਹੈ, ਦੋਸਤੋ!

ਗੱਲ ਸਾਫ਼ ਸਾਫ਼ ਕਹਿ ਕੇ ਫਿਰ ਵੀ ਛੁਪਾਈ ਉਸ ਨੇ,
ਉਲਝਣ ਦੇ ਮਾਰਿਆਂ ਦੀ ਉਲਝਣ ਵਧਾਈ ਉਸ ਨੇ।

ਪੁੱਛਿਆ ਜਦੋਂ ਮੈਂ ਉਸਨੂੰ "ਦੱਸ ਤਾਂ ਇਹ ਜ਼ਿੰਦਗੀ ਕੀ"?
ਤੀਲਾਂ ਦੀ ਡੱਬੀ ਉੱਤੇ, ਤੀਲੀ ਘਸਾਈ ਉਸ ਨੇ।

ਦੱਸਣ ਲਈ ਕਿ ਜੀਵਨ, ਕੀ ਮੰਗਦਾ ਤੇ ਕੀ ਦਿੰਦਾ,
ਫਲ-ਦਾਰ ਦੀ ਪਨੀਰੀ, ਮੈਨੂੰ ਫੜਾਈ ਉਸ ਨੇ।

ਜੇ ਮਿਲਿਆ ਮਸਖ਼ਰੇ ਨੂੰ, ਮਿਲਿਆ ਹੈ ਜੱਗ ਦਾ ਹਾਸਾ,
ਰੋਇਆ ਹੈ ਦਿਲ ਤਾਂ ਫਿਰ ਵੀ ਦੁਨੀਆਂ ਹਸਾਈ ਉਸ ਨੇ।

ਜੀਵਨ ਦੇ ਵਿਚ ਕੋਈ ਜਿਸ ਤਰ੍ਹਾਂ ਜੀਅ ਰਿਹਾ ਹੈ,
ਜੀਵਨ-ਦੀ-ਜਾਚ 'ਪ੍ਰੀਤਮ'! ਉਹ ਹੀ ਸਿਖਾਈ ਉਸ ਨੇ।

ਤਤਕਰਾ

ਗ਼ਲਤੀ  ਤਾਂ  ਇਕ ਬਹਾਨਾ ਹੈ,  ਜੋ ਹੋਣਾ ਹੈ  ਉਹ ਹੋਣਾ ਹੈ,
ਕੁਝ ਵੀ ਤਾਂ ਆਪਣੇ  ਵੱਸ ਨਹੀਂ, ਏਹੀ  ਤਾਂ  ਏਥੇ ਰੋਣਾ ਹੈ।

ਇਕ-ਤਰਫ਼ਾ  ਰਸਤਾ ਜੀਵਨ ਦਾ,  ਚੰਗਾ ਲੱਗੇ ਜਾਂ ਨਾ ਲੱਗੇ,
ਨਾ  ਭੌਣਾ-ਮੁੜਨਾ  ਹੈ ਏਥੋਂ, ਨਹੀਂ ਬਹਿਣਾ ਨਹੀਂ ਖੜੋਣਾ ਹੈ।

ਹਰ  ਸੁਸਤ-ਚਾਲ  ਦੇ ਰਾਹੀ ਤੋਂ, ਹਮਰਾਹੀ ਓਝਲ ਹੋ ਜਾਂਦੇ,
ਇਸ  ਤੇਜ਼-ਕਦਮ ਰਸਤੇ ਉੱਤੇ, ਹਰ ਕੋਣਾ  ਐਸਾ ਕੋਣਾ ਹੈ।

ਕਹਿੰਦੇ ਸਨ ਭਲਕ ਦੇ ਬੱਚਿਆਂ ਦੀ ਹਰ ਖੇਡ ਵੱਖਰੀ ਹੋਵੇਗੀ,
ਨਾ ਉਹ ਖ਼ੂਹ-ਕਿਆਰੇ ਖੇਡਣਗੇ ਨਾ ਢੱਗਾ ਕਿਸੇ ਨੇ ਜੋਣਾ ਹੈ।

ਜੰਮਿਆਂ ਹੈ ਲਾਲਚ  ਐਸਾ  ਜੋ ਕੁਦਰਤ ਨੂੰ ਬਾਂਝ ਕਰੀ ਜਾਵੇ,
ਹੁਣ ਉਸ ਤੋਂ ਬੀਜ ਨਹੀਂ ਬਣਨਾ, ਜੋ ਬੀਜ ਕਿਸੇ ਨੇ ਬੋਣਾ ਹੈ।

ਜੰਗ ਵੱਡਿਆਂ ਵੱਡਿਆਂ ਦੇਸ਼ਾਂ ਨੂੰ ਵੀ ਹੈ ਕਰਜ਼ਾਈ ਕਰ ਜਾਂਦੀ,
ਜੋ ਅੱਜ ਨੇ ਭਾਰ ਉਠਾਇਆ ਹੈ, ਏਸੇ ਦੇ ਭਲਕ ਨੇ ਢੋਣਾ ਹੈ।

ਨਾ ਫੁੱਲ ਤੋੜ ਕੇ ਕਤਲ ਕਰੀਂ ਇਹਨਾਂ ਵਿਚ ਵਸਦੇ ਜੀਵਾਂ ਨੂੰ,
ਬੇਜਾਨ ਈਸ਼ਵਰ ਹੈ ਤੇਰਾ, ਜਿਸ ਦੇ ਲਈ  ਹਾਰ  ਪਰੋਣਾ ਹੈ।

ਓ ਪ੍ਰੀਤਮ! ਜਦੋਂ ਨਿਸ਼ਾਨੇ ‘ਤੇ, ਕਈ ਤੀਰ  ਚਲਾਏ ਜਾਂਦੇ ਨੇ,
ਜੋ ਨਾ ਲੱਗਾ  ਉਹ ਤੁੱਕਾ ਹੈ,  ਜੋ ਲੱਗ ਗਿਆ  ਉਹ ਟੋਣਾ ਹੈ।

ਗੀਤ ਹਾਂ, ਸੰਗੀਤ ਹਾਂ, ਆਵਾਜ਼ ਹਾਂ,
ਜ਼ਿੰਦਗੀ ਦੇ ਵਲਵਲੇ ਦਾ ਰਾਜ਼ ਹਾਂ।

ਮੈਂ ਹਾਂ, ਜੋ ਅੱਖਰਾਂ ਦੇ ਮਾਅਨੇ ਭਾਲਦਾ,
ਮੈਂ ਹੀ ਤੇ ਹਰ ਸੋਚ ਦੀ ਪਰਵਾਜ਼ ਹਾਂ।

ਪੌਣ ਦੀ, ਕਿਣਮਿਣ ਤੇ ਉਸਦੀ ਗਰਜ ਦੀ,
ਤਰਜਮਾਨੀ ਕਰਨ ਵਾਲਾ ਸਾਜ਼ ਹਾਂ।

ਧੁਨ ਸੁਰੀਲੀ ਨਾਲ, ਮਨ ਪਰਚਾ ਰਹੀ,
ਖਿੱਚੀ ਹੋਈ ਤਾਰ ਦਾ ਅੰਦਾਜ਼ ਹਾਂ।

ਫ਼ਰਸ਼ ਤੋਂ ਮੈਂ ਅਰਸ਼ ਤਾਈਂ ਪਹੁੰਚਿਆ,
ਅੰਤ ਤੋਂ ਅੱਗੇ ਹੈ ਜੋ, ਆਗ਼ਾਜ਼ ਹਾਂ

ਤਤਕਰਾ

ਗੁੱਝੀਆਂ ਰਮਜ਼ਾਂ 'ਚ ਤਾਅਨੇ ਭਾਲਦਾ ਹਾਂ,
ਅਣ-ਕਹੇ ਲਫ਼ਜ਼ਾਂ ਦੇ ਮਾਅਨੇ ਭਾਲਦਾ ਹਾਂ।

ਜਾਣਦਾ ਹਾਂ ਬੀਤਿਆ ਵਾਪਿਸ ਨਾ ਆਵੇ,
ਫਿਰ ਵੀ ਮੈਂ ਗੁਜ਼ਰੇ ਜ਼ਮਾਨੇ ਭਾਲਦਾ ਹਾਂ।

ਕਿਹੜੀ ਕਿਹੜੀ ਥਾਂ ਸਿਤਾਰੇ ਤੋੜ ਸੁੱਟੇ,
ਅੰਬਰਾਂ ਵਿਚ ਉਹ ਨਿਸ਼ਾਨੇ ਭਾਲਦਾ ਹਾਂ।

ਕਿਸ ਜਗਹ ਤੋਂ ਫੁੱਲ ਖ਼ੁਸ਼ਬੋ ਲੈ ਕੇ ਆਏ,
ਕੁਦਰਤੀ, ਅਣ-ਮੁੱਕ ਖ਼ਜ਼ਾਨੇ ਭਾਲਦਾ ਹਾਂ।

ਬਾਵਰੇ ਹੋ ਕੇ, ਦਿਲਾਂ ਨੇ, ਜੋ ਸੀ ਗਾਏ,
ਦਰਦ-ਭਿੰਨੇ ਉਹ ਤਰਾਨੇ ਭਾਲਦਾ ਹਾਂ।

ਲੋਕਾਚਾਰੀ ਤਾਂ ਬੜਾ ਹੀ ਰੋਕਦੀ ਪਰ,
ਉਸ ਨੂੰ ਦੇਖਣ ਦੇ, ਬਹਾਨੇ ਭਾਲਦਾ ਹਾਂ।

ਪ੍ਰੀਤਮ! ਜੋ ਨੇ ਰਾਂਝਿਆਂ ਤੇ ਹੀਰਾਂ ਵਰਗੇ,
ਇਹੋ ਜਿਹੇ ਸੱਚੇ 'ਫ਼ਸਾਨੇ ਭਾਲਦਾ ਹਾਂ।

ਘਰ ਤਾਂ ਉਹ ਹੁੰਦਾ ਹੈ, ਜਿਸ ਥਾਂ ਸ਼ਰਨ ਮਿਲੇ,
ਜਿਵੇਂ ਕਿਸੇ ਬੁਲਬੁਲ ਨੂੰ ਖਿੜਿਆ ਚਮਨ ਮਿਲੇ।

'ਸਰਸਵਤੀ' ਦੀ ਦੌਲਤ, ਝੋਲੀ ਪਾ ਦਾਤਾ!
ਲਫ਼ਜ਼ਾਂ ਨੂੰ ਤਰਤੀਬ, ਗੱਲ ਨੂੰ ਵਜ਼ਨ ਮਿਲੇ।

ਆਪਣੀ ਹੈ ਪਹਿਚਾਣ ਖਿੜਨ, ਮੁਰਝਾਵਣ ਦੀ,
ਖ਼ੁਸ਼ੀ, ਗ਼ਮੀ ਨੂੰ ਵੱਖਰਾ ਵੱਖਰਾ ਬਦਨ ਮਿਲੇ।

ਆਦਮ-ਜ਼ਾਤ ਹੀ ਆਪਣੇ ਤਨ ਨੂੰ ਢਕਦੀ ਹੈ,
'ਕਾਇਨਾਤ' ਬਾਕੀ ਦੀ, ਸਾਰੀ ਨਗਨ ਮਿਲੇ।

ਮੇਰੇ ਦਿਲ ਦੀ ਧੜਕਣ ਵਿਚ ਸਮਾ ਜਾਵੇ,
ਮੇਰੇ ਦਿਲ ਨੂੰ ਪ੍ਰੀਤਮ! ਐਸੀ ਲਗਨ ਮਿਲੇ।

ਤਤਕਰਾ

ਘੋਖਿਆ ਹੈ ਜ਼ਿੰਦਗੀ ਨੂੰ ਬਾਰ ਬਾਰ,
ਨਜ਼ਰ ਆਈਆਂ ਦੋਵੇਂ ਪਤਝੜ ਤੇ ਬਹਾਰ।

ਜ਼ਿੰਦਗੀ ਦੇ ਦੁੱਖ, ਸੁਖ ਵੰਡਾਉਣ ਨੂੰ,
ਮੋਢਾ-ਦੇਵਣ-ਵਾਲੇ ਸੀ ਜਾਂ ਸੀ ਕਹਾਰ।

ਬਦਲਦੇ ਮੌਸਮ ਤੋਂ ਜੋ ਘਬਰਾਵੰਦੇ,
ਉੱਡਦੇ ਰਹਿੰਦੇ ਜਿਵੇਂ ਕੂੰਜਾਂ ਦੀ ਡਾਰ।

ਖੇਡ ਖੇਡਣ ਵੇਲੇ ਇਹ ਨਾ ਸੋਚਣਾ,
ਜਿੱਤ ਹੋਵੇਗੀ ਕਿ ਜਾਂ ਹੋਵੇਗੀ ਹਾਰ।

ਕਾਹਲ ਦੇ ਵਿਚ ਸਾਥੀਆਂ ਨੂੰ ਦਰੜ ਨਾ,
ਪੰਛੀਆਂ ਤੇ ਕੀੜੀਆਂ ਦੀ ਤੱਕ ਕਤਾਰ।

ਘੋਖ ਵਾਤਾਵਰਣ ਦੀ ਸੁਖ ਦੇਵੰਦੀ,
ਆ ਰਹੇ ਤੂਫ਼ਾਨ ਦੀ ਮਿਲ ਜਾਏ ਸਾਰ।

ਕੋਸ਼ਿਸ਼ ਤਾਂ ਕਰਨਾ 'ਪ੍ਰੀਤਮ' ਬਣਨ ਦੀ,
ਝੋਲੀ ਵਿਚ ਆ ਪੈਣਗੇ ਸਾਰੇ ਪਿਆਰ।

ਚੱਲੇ ਸਾਂ ਮੰਜ਼ਿਲਾਂ ਨੂੰ, ਆਦਮ ਦੀ ਜ਼ਾਤ ਬਣ ਕੇ,
ਪਰਤੇ ਹਾਂ ਮੰਜ਼ਿਲਾਂ ਤੋਂ ਗਰਦ-ਏ-ਸਿਰਾਤ ਬਣ ਕੇ।

ਆਪਣੀ ਗਲੀ 'ਚ ਆਪਣੇ ਘਰ ਦਾ ਹੀ ਰਾਹ ਨਾ ਦਿਸਦਾ,
ਨਫ਼ਰਤ ਦਾ ਨ੍ਹੇਰ ਛਾਇਆ, ਮੱਸਿਆ ਦੀ ਰਾਤ ਬਣ ਕੇ।

ਲੱਗਦਾ ਹੈ ਡਰ ਜਹਿਾ ਹੀ, ਆਪਣੇ ਹੀ ਸਾਏ ਕੋਲੋਂ,
ਵਿਸ਼ਵਾਸ ਰਹਿ ਗਿਆ ਏ, ਬੀਤੇ ਦੀ ਬਾਤ ਬਣ ਕੇ।

ਕਿਉਂ ਖ਼ੁਸ਼ੀ ਬਣੀ ਏਂ ਬਰਖਾ, ਹੰਝੂਆਂ ਤੇ ਗੋਲੀਆਂ ਦੀ,
ਇਸ ਨੇ ਤਾਂ ਬਰਸਣਾ ਸੀ ਆਬ-ਏ-ਹਯਾਤ ਬਣ ਕੇ।

ਤੁਹਫ਼ਾ ਨਹੀਂ ਹੈ ਕੋਈ, ਆਜ਼ਾਦੀਆਂ ਦਾ ਮਿਲਣਾ,
ਨਾ ਹੀ ਇਹ ਮਿਲਦੀਆਂ ਨੇ ਕੋਈ ਖ਼ੈਰਾਤ ਬਣ ਕੇ

ਪ੍ਰੀਤਮ! ਆਜ਼ਾਦੀਆਂ ਨੂੰ, ਏਨਾ ਤੇ ਅੱਜ ਪੁੱਛੀਂ,
ਕਿਉਂ ਜ਼ਿੰਦਗੀ ਮਿਲੀ ਏ ਕੋਝੇ ਹਾਲਾਤ ਬਣ ਕੇ।

ਤਤਕਰਾ

ਚਿਰ-ਕਾਲ ਤੋਂ ਇਹ ਬੰਦਾ, ਏਦਾਂ ਹੀ ਕਰ ਰਿਹਾ ਹੈ,
ਮਨ ਦੇ ਹਨੇਰਿਆਂ ਤੋਂ, ਦਿਨ-ਰਾਤ ਡਰ ਰਿਹਾ ਹੈ।

ਕਮਜ਼ੋਰ ਹੈ ਜੋ ਬੰਦਾ , ਆਪਣੀ ਸੁਰੱਖਿਆ ਲਈ,
ਰੱਬਾਂ ਦੇ, ਰਾਜਿਆਂ ਦੇ, ਕਈ ਡੰਨ ਭਰ ਰਿਹਾ ਹੈ।

'ਇੰਦਰ' ਦੀ ਗੜ੍ਹਕ ਅੱਗੇ, ਕੁਰਬਾਨੀਆਂ ਵੀ ਰੱਖੀਆਂ,
ਕਿੰਨਾ ਹੈ 'ਖ਼ੁਸ਼ਕ' ਯਾਰੋ! ਹੁਣ ਤਾਈਂ ਵਰ੍ਹ ਰਿਹਾ ਹੈ!

ਛੱਤੀਹ-ਪਦਾਰਥਾਂ ਨੂੰ, ਇਸ 'ਹਵਨ-ਕੁੰਡ' 'ਚ ਪਾਓ!
'ਕਲਿਆਣ' ਹੋਵੇ ਉਸਦੀ, ਭੁੱਖਾ ਜੋ ਮਰ ਰਿਹਾ ਹੈ।

ਜਿਸ, ਮੇਰਾ ਰੁੱਖ ਵੱਢ ਕੇ, ਬੇੜੀ ਬਣਾ ਲਈ ਸੀ,
ਦੇਖੀਂ ਜ਼ਰਾ ਕੁ 'ਪ੍ਰੀਤਮ'! ਡੁੱਬਿਆ ਕਿ ਤਰ ਰਿਹਾ ਹੈ।

ਚੇਤਨਾ, ਕਾਫ਼ਿਰ ਬਣਾ ਕੇ ਛੱਡ ਗਈ,
ਰਾਹ ਤੋਂ ਮੁਨਕਰ ਬਣਾ ਕੇ ਛੱਡ ਗਈ।

ਅੰਧ-ਵਿਸ਼ਵਾਸਾਂ ਦਾ ਨ੍ਹੇਰਾ ਮੇਟਿਆ,
ਕੁਫ਼ਰ-ਧੁਨ ਚਾਤਰ ਬਣਾ ਕੇ ਛੱਡ ਗਈ।

ਦੇਖ! ਇਹ ਆਦਤ ਤੁਰਦੇ ਰਹਿਣ ਦੀ,
ਬੂੰਦਾਂ ਨੂੰ, ਸਾਗਰ ਬਣਾ ਕੇ ਛੱਡ ਗਈ।

ਜੋ ਵੀ ਕੋਈ 'ਭਾਲ' ਦੇ ਵਿਚ ਪੈ ਗਿਆ,
ਉਸਦਾ ਮਨ ਬੇਘਰ ਬਣਾ ਕੇ ਛੱਡ ਗਈ।

ਆਪਣੇ ਵਿਚ ਜੋ ਵੀ ਖ਼ਾਮੀ ਦਿਸ ਗਈ,
ਪ੍ਰੀਤਮ ਨੂੰ ਬਿਹਤਰ ਬਣਾ ਕੇ ਛੱਡ ਗਈ।

ਤਤਕਰਾ

ਜੰਗਲ ਦੇ ਵਿਚ ਬੁਲਬੁਲ ਕੋਈ, ਬੇਦਿਲ ਹੋਈ ਫਿਰਦੀ ਸੀ,
ਰਾਤ ਕਿਸੇ ਦੀ ਚੰਨ ਚਾਨਣੀ, ਪਾਗਲ ਹੋਈ ਫਿਰਦੀ ਸੀ।

ਇਕ ਤਾਂ ਸੀ ਤੂਫ਼ਨੀ ਬਾਰਿਸ਼, ਦੂਜੇ ਰਾਤ ਹਨੇਰੀ ਸੀ,
ਵਾਤਾਵਰਨ ਦੀ ਹਰ ਇਕ ਨੁੱਕਰ ਦੰਗਲ ਹੋਈ ਫਿਰਦੀ ਸੀ।

ਜੀਵਨ-ਲੋੜਾਂ ਕੀ ਹੁੰਦੀਆਂ ਨੇ! ਉਹ ਧਨਵੰਤ ਨਾ ਜਾਣ ਸਕੇ,
ਉਹਨਾਂ ਦੀ ਤੇ ਹਰ ਇਕ ਇੱਛਾ, ਮੰਜ਼ਿਲ ਹੋਈ ਫਿਰਦੀ ਸੀ।

ਲੋਕਾਂ ਦੇ, ਹਜੂਮ 'ਚ ਆ ਕੇ ਜਿਗਰੇ ਵੱਡੇ ਹੋ ਜਾਂਦੇ,
ਟਟੀਹਰੀ, ਆਕਾਸ਼ ਨੂੰ ਥੱਮ੍ਹਣ ਕਾਬਿਲ ਹੋਈ ਫਿਰਦੀ ਸੀ।

ਅੱਤ ਦੀ ਗਰਮੀ ਦੇ ਵਿਚ ਆ ਕੇ ਬੂੰਦ ਵਿਚਾਰੀ ਝੁਲਸ ਗਈ,
ਪਿਆਸ ਬੁਝਾਵਣ ਵਾਲੀ ਆਪੂੰ ਬਿਹਬਲ ਹੋਈ ਫਿਰਦੀ ਸੀ।

ਉਸ ਗੁੱਡੀ ਨੂੰ ਫ਼ਿਕਰ ਨਾ ਕੋਈ ਕੀ ਬਣਿਆਂ ਤੇ ਕੀ ਬਣਨਾ,
ਅੱਧ ਅਸਮਾਨੇ ਪੈਲਾਂ ਪਾਉਂਦੀ, ਚੰਚਲ ਹੋਈ ਫਿਰਦੀ ਸੀ।

ਕੋਠੀ ਵਿਚ ਜੇ ਹੋਣ ਨਾ ਦਾਣੇ, ਕਦੋਂ ਸਿਆਣਪ ਰਹਿੰਦੀ ਹੈ!
ਤਾਂ ਹੀ ਤਾਂ ਉਹ ਸਾਊ-ਪਰਜਾ, ਬੇਕਲ ਹੋਈ ਫਿਰਦੀ ਸੀ।

ਬੇ-ਈਮਾਨੀ, ਬੇ-ਰੁਜ਼ਗਾਰੀ, ਬੇ-ਇਨਸਾਫ਼ੀ ਸੀ ਜਿੱਥੇ,
ਸੱਭਿਅਕ ਲੋਕਾਂ ਦੀ ਟੋਲੀ ਵੀ, ਜਾਹਲ ਹੋਈ ਫਿਰਦੀ ਸੀ।

ਸ਼ਾਹ, ਸ਼ੇਖ਼, ਸੁਲਤਾਨ, ਸਿਕੰਦਰ ਹੈ ਸਨ ਜਿਸਨੇ ਚਮਕਾਏ,
ਅੱਜ ਆਪ ਉਹ ਬੁਰਕੇ ਅੰਦਰ ਓਝਲ ਹੋਈ ਫਿਰਦੀ ਸੀ।

ਤੇ ਸ਼ਾਇਦ ਕਦੇ ਇਹ ਆਖ ਸਕਾਂ!

ਖ਼ੁਸ਼ੀਆਂ ਦੀ ਸ਼ਹਿਨਾਈ ਗੂੰਜੇ ਲਹਿਰ ਬਹਿਰ ਅਰਮਾਨਾਂ ਦੀ,
ਲਗਰ ਲਗਰ ਬੂਟੇ ਦੀ ਪ੍ਰੀਤਮ! ਸੰਦਲ ਹੋਈ ਫਿਰਦੀ ਸੀ।

---

ਗੁੱਡੀ = ਪਤੰਗ

ਤਤਕਰਾ

ਜੰਗਲ ਵਿਚ ਛੱਡ ਆਓ ਆਪਣੀ ਤਨਹਾਈ ਨੂੰ,
ਖ਼ੁਸ਼ੀ ਦੀ ਲੋਅ ਵਿਚ ਰੱਖੋ ਗ਼ਮ ਦੀ ਪਰਛਾਈ ਨੂੰ।

ਹਰ ਇਕ ਦਾਨ ਦੇ ਪਾਤਰ ਨੂੰ ਹੁਣ ਕਾਰਣ ਪੁੱਛੋ,
ਠੋਕ ਵਜਾ ਕੇ ਦੇਖੋ ਦਿਲ ਦੀ ਦਰਿਆਈ ਨੂੰ।

ਮਾਣ ਨਾਲ ਜਾ ਬੈਠੋ ਆਪਣੀ ਮੰਜ਼ਿਲ ਉੱਤੇ,
ਪਰ ਹਰਗਿਜ਼ ਨਾ ਭੁੱਲੋ ਰਾਹ ਦੀ ਕਠਿਨਾਈ ਨੂੰ।

ਇਸ ਦੇ ਵਿਚ ਸਮਾ ਸਕਦੀ ਹੈ ਦੁਨੀਆਂ ਸਾਰੀ,
ਕਿੰਜ ਕੋਈ ਨਾਪ ਸਕੇਗਾ ਦਿਲ ਦੀ ਗਹਿਰਾਈ ਨੂੰ!

ਕਰਕੇ ਵਫ਼ਾ ਦੇ ਵਾਅਦੇ, ਲੋਕੀ ਨਹੀਂ ਨਿਭਾਉਂਦੇ,
ਇਹ ਗੱਲ ਵੀ ਸਮਝਾਵੋ, ਇਸ ਦਿਲ ਸੌਦਾਈ ਨੂੰ।

ਉਹਨਾਂ ਨੂੰ ਵੀ ਸੁਣੋ, ਅਸਹਿਮਤ ਹੋਵਣ ਜਿਹੜੇ,
ਅੱਖੋਂ ਉਹਲੇ ਕਰੋ ਨਾ, ਜੱਗ ਦੀ ਸੱਚਾਈ ਨੂੰ।

ਅੱਗੇ ਵਧਣ ਦਾ ਮੌਕਾ, ਸਭ ਨੂੰ ਮਿਲ ਜਾਵੇ ਜੇ,
ਪਿੱਛੇ ਨਾ ਫਿਰ ਖਿੱਚੇਗਾ, ਭਾਈ ਭਾਈ ਨੂੰ।

ਇਹ ਵੀ ਜਿਵੇਂ ਦਵਾ ਹੈ ਉਸ ਦੀ ਮਰਜ਼ ਵਾਸਤੇ,
ਅਹੰ-ਰੋਗ ਦਾ ਰੋਗੀ ਭਾਲੇ ਵਡਿਆਈ ਨੂੰ।

ਗੱਲ ਓਨੀ ਕਰਿਆ ਕਰ ਜੋ ਹੈ ਸੱਚ ਦੁਨੀਆਂ ਦਾ,
ਬਣਾ ਨਾ ਐਵੇਂ ਪਰਬਤ, ਐ ਪ੍ਰੀਤਮ! ਰਾਈ ਨੂੰ।

ਜਦ ਆਪਣੀਆਂ ਨਜ਼ਰਾਂ ਸਾਹਵੇਂ, ਆਪਣੇ ਪਿਆਰੇ ਹੁੰਦੇ ਨੇ,
ਦੁਨੀਆਂ ਦੇ ਸੁਹਣੇ ਤੋਂ ਸੁਹਣੇ ਉਹ ਨਜ਼ਾਰੇ ਹੁੰਦੇ ਨੇ ।

ਦਿਲ ਦੀ ਪੀੜ ਛੁਪਾਵਣ ਵਾਲੇ, ਹੁੰਦੇ ਵਾਂਗ ਸਮੁੰਦਰ ਦੇ,
ਉਤੋਂ ਲਹਿਰ-ਬਹਿਰ ਤੇ ਵਿਚੋਂ ਗਉਰੇ ਭਾਰੇ ਹੁੰਦੇ ਨੇ ।

ਰੋਗੀ ਦੇ ਲਈ ਵੈਦ ਵੀ ਜੇ ਰੋਗੀ ਹੋਵੇ, ਤਾਂ ਕੀ ਹੋਇਆ ?
ਨਦੀ ਨੂੰ ਸਾਗਰ ਨਾਲ ਮਿਲਾਵਣ ਲਈ, ਕਿਨਾਰੇ ਹੁੰਦੇ ਨੇ ।

ਨਾ ਕਹਿਣਾ ਬੇਜੋੜਾਂ ਨੂੰ, 'ਇਹ ਸ਼ਾਦੀ-ਸ਼ੁਦਾ ਨੇ', ਨਾ ਕਹਿਣਾ,
ਕੀ ਹੋਇਆ ਜੇ ਫੇਰੇ ਲੈ ਲਏ, ਚਾਅ ਕੁਆਰੇ ਹੁੰਦੇ ਨੇ ।

ਤੂਫ਼ਾਨਾਂ ਦਾ ਕੀ ਸ਼ਿਕਵਾ, ਤਾਕਤਵਰ ਜ਼ੋਰ ਦਿਖਾਉਣਾ ਏਂ,
ਉਹ ਡੁੱਬਦੇ ਨੇ ਜਿਨ੍ਹਾਂ ਦੇ ਕਮਜ਼ੋਰ ਸਹਾਰੇ ਹੁੰਦੇ ਨੇ ।

ਤਤਕਰਾ

ਜਦ ਤਾਈਂ ਆਸਾਂ ਦੇ ਨਾਲ ਰਿਸ਼ਤਿਆਂ ਦੀ ਗੱਲ ਹੈ ,
ਤਦ ਤਾਈਂ ਹੀ ਤਾਂ ਗਿਲੇ ਤੇ ਸ਼ਿਕਵਿਆਂ ਦੀ ਗੱਲ ਹੈ।

ਤਾਕਤਾਂ, ਹਕੂਮਤਾਂ, ਬਗ਼ਾਵਤਾਂ, ਸ਼ਹਾਦਤਾਂ,
ਇਹ ਸਮੇ ਦੇ ਨਾਲ ਨਾਲ ਤੁਰਦਿਆਂ ਦੀ ਗੱਲ ਹੈ।

ਮਾੜੇ ਦੇ ਕੋਲੋਂ ਤਾਂ ਕੋਈ ਉਹਦਾ ਹੱਕ ਵੀ ਖੋਹ ਲਵੇ,
ਸੱਤੀਂ ਵੀਹੀਂ ਸੌ ਬਨਾਉਣਾ ਤਕੜਿਆਂ ਦੀ ਗੱਲ ਹੈ।

ਮੇਰੀ ਕਵਿਤਾ, ਐਸ਼ ਤੇ ਆਰਾਮ ਦੇ ਨਗ਼ਮੇਂ ਨਹੀਂ,
ਜ਼ਿੰਦਗੀ ਵਿਚ ਆਈਆਂ ਮੁਸ਼ਕਿਲਾਂ ਦੀ ਗੱਲ ਹੈ।

ਨਾ 'ਪ੍ਰੀਤਮ', ਨਾ ਹੀ ਉਸਦੀ ਪ੍ਰੀਤ ਸੱਚੀ ਹੋ ਸਕੇ,
ਜਦ ਤਾਈਂ ਆਸਾਂ ਦੇ ਨਾਲ ਰਿਸ਼ਤਿਆਂ ਦੀ ਗੱਲ ਹੈ।

ਜਦ ਤੇਰੇ ਕੋਲ ਆਪਣੇ ਹੀ ਬੋਲ ਆਉਣਗੇ,
ਤਾਂ ਦਿਲ ਦੀਆਂ ਡੂੰਘਾਈਆਂ ਨੂੰ ਫੋਲ ਆਉਣਗੇ।

ਤੂੰ ਉਲਝਣਾ 'ਚੋਂ ਨਿਕਲੇ ਸਵਾਲਾਂ ਦੀ ਰਟ ਲਗਾ,
ਜਵਾਬ ਆਪਣੇ ਆਪ ਤੇਰੇ ਕੋਲ ਆਉਣਗੇ।

ਜੇ ਆਪਣੇ ਖ਼ਿਆਲਾਤ ਹੀ ਸ਼ੀਰੀਂ ਨਾ ਹੋ ਸਕੇ,
ਵਾਤਾਵਰਣ ਦੇ ਅੰਦਰ ਜ਼ਹਿਰ ਘੋਲ ਆਉਣਗੇ।

ਉਹ ਖੋਖਲੇ ਨੇ, ਜਿਹੜੇ ਭਾਰਾਂ 'ਤੇ ਪੈ ਰਹੇ,
ਪਰਖੇ ਗਏ ਤਾਂ ਸਾਹਵੇਂ ਨਵੇਂ-ਤੋਲ ਆਉਣਗੇ।

ਜੇ ਤੇਰੇ 'ਕੰਮ', ਤੇਰੀ ਸਿਫ਼ਾਰਤ ਨਾ ਕਰ ਸਕੇ,
ਗਲੀਆਂ ਦੇ ਵਿਚ ਵਕਾਰ ਤੇਰਾ ਰੋਲ ਆਉਣਗੇ।

ਤਤਕਰਾ

ਜਦੋਂ ਤਕ ਆਦਮੀ ਹੀ ਆਦਮੀ ਦੇ ਨਾਲ ਨਹੀਂ ਹੁੰਦਾ,
ਬੁਰੇ ਸਮਿਆਂ ਦਾ ਆਉਣਾ ਆਦਮੀ ਤੋਂ ਟਾਲ ਨਹੀਂ ਹੁੰਦਾ।

ਸ਼ਰੀਅਤ ਦੀ ਗਲੀ ਨੂੰ ਹੋਰ ਵੀ ਭੀੜਾ ਨਾ ਕਰ ਜ਼ਾਹਿਦ!
ਇੰਜ ਦੁਨੀਆਂ ਦੇ ਮਾਲਕ ਦਾ ਟਿਕਾਣਾ ਭਾਲ ਨਹੀਂ ਹੁੰਦਾ।

ਕਿਸੇ ਡਿੱਗੇ ਹੋਏ ਨੂੰ ਕਿਸ ਤਰ੍ਹਾਂ ਉਸ ਆਸਰਾ ਦੇਣਾ,
ਖ਼ੁਦੀ 'ਚ ਜਿਸ ਤੋਂ ਆਪਣਾ ਆਪ ਹੀ ਸੰਭਾਲ ਨਹੀਂ ਹੁੰਦਾ।

ਜਦੋਂ ਕੋਈ ਲੁਟੇਰਾ ਨਾਅਰਾ ਲਾਵੇ ਦੇਸ਼-ਭਗਤੀ ਦਾ,
ਉਹ ਭਾਵੇਂ ਜਾਨ ਵੀ ਦੇਵੇ, ਵਤਨ ਖ਼ੁਸ਼ਹਾਲ ਨਹੀਂ ਹੁੰਦਾ।

ਭਲੇਮਾਣਸ ਤੇ ਬੁਜ਼ਦਿਲ ਵਿਚ ਹੈ ਪਤਲੀ ਜਿਹੀ ਰੇਖ਼ਾ,
ਜੇ ਇਹ ਮਿਟ ਜਾਏ ਤਾਂ ਜੀਣ ਦਾ ਕੁਝ ਹਾਲ ਨਹੀਂ ਹੁੰਦਾ।

ਸੁਰੰਗ ਦੇ ਪਾਰ ਦਿਸਦੀ ਰੌਸ਼ਨੀ ਦੀ ਤਾਂਘ ਹੈ ਜੀਵਨ,
ਨਹੀਂ ਤਾਂ ਨ੍ਹੇਰਿਆਂ ਦੇ ਨਾਲ ਰਿਸ਼ਤਾ ਪਾਲ ਨਹੀਂ ਹੁੰਦਾ।

ਇੱਛਾਵਾਂ ਜ਼ਰੂਰੀ ਹੁੰਦੀਆਂ ਜੀਵਨ ਲਈ, ਲੇਕਿਨ,
ਇਨ੍ਹਾਂ ਦੀ ਪੂਰਤੀ ਖ਼ਾਤਰ ਪਰਾਇਆ ਮਾਲ ਨਹੀਂ ਹੁੰਦਾ।

ਹਰ ਆਕਾਰ ਦੀ ਸੀਮਾ ਲਈ ਇਕ ਕਾਰ ਹੁੰਦੀ ਹੈ,
ਜੇ ਅੰਦਰ ਹੀ ਰਹੇ ਪ੍ਰੀਤਮ! ਤਾਂ ਵਿੰਗਾ ਵਾਲ ਨਹੀਂ ਹੁੰਦਾ।

ਜਾ ਰਹੇ ਨੇ ਆਪਣੇ, ਆਪਣੇ ਘਰਾਂ ਨੂੰ ਛੱਡ ਕੇ,
ਜੱਦ ਦੀ ਮਿੱਟੀ ਦੇ, ਮਿੱਠੇ ਰਿਸ਼ਤਿਆਂ ਨੂੰ ਛੱਡ ਕੇ।

ਖ਼ਤਰੇ ਦੇ ਵਿਚ, ਬੱਚਿਆਂ ਨੂੰ ਮਾਂ ਨਾ ਛੱਡ ਕੇ ਜਾਏਗੀ,
ਪੰਛੀ ਉੱਡ ਜਾਵੇਗਾ ਕਿਧਰੇ, ਕਿੰਜ ਪਰਾਂ ਨੂੰ ਛੱਡ ਕੇ।

ਏਸ ਫ਼ਾਨੀ ਜ਼ਿੰਦਗੀ ਦੀ, ਜੜ੍ਹ ਹਮੇਸ਼ਾ ਰਹਿ ਸਕੇ,
ਰੁੱਖ ਤੁਰਦੇ ਨੇ ਘਰਾਂ 'ਚੋਂ, ਟਾਹਣੀਆਂ ਨੂੰ ਛੱਡ ਕੇ।

ਮ੍ਰਿਗ-ਤ੍ਰਿਸ਼ਨਾ ਵੀ ਹੈ ਦਿਸਦਾ ਪਿਆਸ ਮੇਰੀ ਨੂੰ ਤਲਾ,
ਹੋਰ ਕੁਝ ਚੇਤੇ ਨਹੀਂ ਹੈ, ਪਾਣੀਆਂ ਨੂੰ ਛੱਡ ਕੇ।

ਮੈਨੂੰ ਅਕਸਰ ਹੀ, ਉਨ੍ਹਾਂ ਦੇ ਅਕਸ ਦਾ ਝੌਲਾ ਪਿਆ,
ਹਮ-ਸਫ਼ਰ ਜੋ ਤੁਰ ਗਏ ਨੇ, ਚਿਹਰਿਆਂ ਨੂੰ ਛੱਡ ਕੇ।

ਸੋਚਿਆ ਸੀ ਕਰ ਲਵਾਂਗੇ ਜਾ ਕੇ ਮੰਜ਼ਿਲ 'ਤੇ ਆਰਾਮ,
ਪਰ ਕਦੇ ਵੀ ਬਹਿ ਸਕੇ ਨਾ ਰਸਤਿਆਂ ਨੂੰ ਛੱਡ ਕੇ।

ਇਹ ਨਾਮੁਮਕਿਨ ਤਾਂ ਨਹੀਂ ਪਰ ਬਹੁਤ ਔਖਾ ਹੈ ਹਜ਼ੂਰ,
ਦੁਨੀਆਂ ਵਿਚ ਜੀਣਾ ਕਿਸੇ ਦਾ, ਹਸਰਤਾਂ ਨੂੰ ਛੱਡ ਕੇ।

ਚੱਲ ਪ੍ਰੀਤਮ! ਹੁਣ ਤੋਂ ਅੱਗੇ, ਹੋਰ ਪਾਸੇ ਵੱਲ ਨੂੰ,
ਸਾਥੀਆਂ ਦੇ, ਬੇਲੀਆਂ ਦੇ, ਕਾਰਵਾਂ ਨੂੰ ਛੱਡ ਕੇ।

ਤਤਕਰਾ

ਜਿਸ ਸੱਭਿਤਾ ਨੂੰ ਫੁਰਨਾ ਫੁਰਿਆ, ਸਭ ਸੰਸਾਰ ਸਮੇਟਣ ਦਾ,
ਉਹ ਅਫ਼ਰੇਵਾਂ ਕਾਰਨ ਬਣਿਆਂ, ਉਸ ਸੱਭਿਤਾ ਨੂੰ ਮੇਟਣ ਦਾ।

ਅੱਜ ਦੀ ਜੰਗ ਵਿਚ ਨਿਹੱਕੇ ਵੀ ਸਾੜੇ ਭੁੰਨੇ ਜਾਣੇ ਨੇ,
'ਆਟਾ' ਤਾਂ ਗੁੱਝਿਆ ਪੱਕਣ ਨੂੰ, ਪਰ ਅਫ਼ਸੋਸ 'ਪ੍ਰੇਥਣ' ਦਾ।

ਦੋਵੇਂ ਪਾਸੇ ਧਰਮ-ਦੁਆਰਿਓਂ ਨਿੱਕਲ ਕੇ ਲਲਕਾਰ ਰਹੇ,
ਕੀ ਫ਼ਾਇਦਾ ਹੋਇਆ ਇਹਨਾਂ ਦੇ ਝੁਕ ਝੁਕ ਮੱਥੇ ਟੇਕਣ ਦਾ!

ਉਹ ਤਸਵੀਰ ਜੋ ਅੱਜ ਬਣਾਈ, ਕਦੇ ਤਾਂ ਮੂੰਹੋਂ ਬੋਲੇਗੀ!
ਖ਼ਬਰੇ ਕੀ ਮੰਗ ਲਏਗੀ ਸਾਥੋਂ! ਇਸ ਨੂੰ ਜੀਵਨ ਦੇਵਣ ਦਾ।

ਅੱਜ ਇਸ ਦੀ ਵਾਰੀ ਹੈ ਜੇ ਤਾਂ ਕੱਲ੍ਹ ਨੂੰ ਕਿਸ ਦੀ ਹੋਵੇਗੀ?
ਤੇਲ ਤੇ ਉਸ ਦੀ ਧਾਰ ਨੂੰ ਹੁਣ ਆਇਆ ਹੈ ਵੇਲਾ ਵੇਖਣ ਦਾ।

ਆਮ-ਸਧਾਰਨ ਬੰਦਾ ਪ੍ਰੀਤਮ! ਗਲ ਪਿਆ ਢੋਲ ਵਜਾਉਂਦਾ ਹੈ,
ਕਿਸ ਨੂੰ ਸ਼ੌਕ ਹੈ! ਐਵੇਂ ਜਾ ਕੇ ਕਬਰਾਂ ਅੰਦਰ ਲੇਟਣ ਦਾ।

ਜਿਸ ਦੇ ਵਿਚ ਸੂਲੀ ਹੀ ਨਾ ਅੰਜਾਮ ਹੈ,
ਮੁਜਰਿਮਾਂ ਲਈ ਉਹ ਵੀ ਇਕ ਨਿਜ਼ਾਮ ਹੈ।

ਭੁੱਲਿਆ ਹੋਇਆ ਵੀ ਮੁੜ ਘਰ ਆ ਸਕੇ,
ਏਸ ਥਾਂ 'ਤੇ, ਹਰ ਕਿਸੇ ਲਈ ਸ਼ਾਮ ਹੈ।

ਮੌਤ ਨਾ ਦਿੱਤੀ ਜਾਵੇ, ਤਕਰਾਰ ਨੂੰ,
ਸੱਭਿਅਤਾ, ਸ਼ਾਇਦ ਇਹਦਾ ਹੀ ਨਾਮ ਹੈ।

ਵਿਤਕਰਾ ਕਿੰਜ ਮਿਟ ਸਕੇਗਾ, ਜਿਸ ਜਗ੍ਹਾ,
ਸਿਰਫ਼ ਚੜ੍ਹਦੇ ਵੱਲ ਹੀ, ਪਰਣਾਮ ਹੈ!

ਐ ਪ੍ਰੀਤਮ! ਕਿੰਨਾ ਧੋਖਾ ਖਾ ਰਿਹਾ!
ਲਹਿੰਦੇ ਨੂੰ ਜੋ ਕਰ ਰਿਹਾ ਬਦਨਾਮ ਹੈ।

ਜ਼ਿੰਦਗੀ ਸਾਰੀ ਸੁਵਾਰ ਨਾ ਹੋਵੇ,
ਹਰ ਸੁਪਨਾ, ਸਾਕਾਰ ਨਾ ਹੋਵੇ।

ਇੱਛਾ ਵਿਚ ਵੀ ਤਾਂ ਜਹਾਨ ਵਸੇ,
ਪਰ ਇਸ ਦਾ ਆਕਾਰ ਨਾ ਹੋਵੇ।

ਕੁਝ ਕੁ ਦਿਨ ਹੀ ਨੇ ਜਵਾਨੀ ਦੇ,
ਹਰ ਸਮੇਂ ਹੀ, ਬਹਾਰ ਨਾ ਹੋਵੇ।

ਤੈਨੂੰ ਤੇਰੇ ਤੋਂ ਚੋਰੀ ਦੇਖ ਰਿਹਾਂ,
ਤੂੰ ਕਿਤੇ ਸ਼ਰਮਸਾਰ ਨਾ ਹੋਵੇ।

ਕਦੋਂ ਟਿਕ ਸਕੇ ਹਵਾ 'ਪ੍ਰੀਤਮ'!
ਕਿਹੜਾ ਦਿਲ ਬੇਕਰਾਰ ਨਾ ਹੋਵੇ!!

ਤਤਕਰਾ

ਜ਼ਿੰਦਗੀ ਤਾਂ ਉਮਰ ਭਰ ਸੌਦਾ ਰਿਹਾ ਹੈ।
ਇਸ ਨੇ ਸਾਹ ਦੇ ਕੇ ਵੀ ਸਾਹ ਵਾਪਸ ਲਿਆ ਹੈ।

ਜ਼ਿੰਦਗੀ ਵਿਚ ਬਹੁਤ ਸੁਣਦਾ, ਬਹੁਤ ਕਹਿੰਦਾ,
ਫੇਰ ਵੀ ਇਨਸਾਨ 'ਚੁੱਪ-ਅੱਖਰ' ਜਿਹਾ ਹੈ।

ਪਾਣੀ ਵਿਚ ਮਧਾਣੀ ਪਾਈ ਕੀ ਕਰੇਗੀ,
ਇਸ ਤਰ੍ਹਾਂ ਨਾ ਕੋਈ ਮਸਲਾ ਸੁਲਝਿਆ ਹੈ।

ਦਿਨ ਦਾ ਚੜ੍ਹਨਾ, ਵਕਤ ਪਾ ਕੇ ਡੁੱਬ ਜਾਣਾ,
ਜ਼ਿੰਦਗੀ ਤੇ ਮੌਤ ਦਾ ਹੀ ਸਿਲਸਿਲਾ ਹੈ।

ਮਿਟ ਤੇ ਗਈਆਂ ਨੇ ਲਕੀਰਾਂ, ਪਰ 'ਪ੍ਰੀਤਮ'!
ਜ਼ਿੰਦਗੀ ਨੂੰ ਦੱਬ ਕੇ ਵਹੁਣਾ ਪਿਆ ਹੈ।

ਜ਼ਿੰਦਗੀ ਦਾ ਜਵਾਬ ਕੀ ਹੋਵੇ ?
ਨਾ ਹੋਵੇ ਲਾਜਵਾਬ, ਕੀ ਹੋਵੇ ?

ਮੌਤ ਹੈ, ਰਿਸ਼ਤਿਆਂ ਦਾ ਢਕ ਦੇਣਾ,

ਇਸ ਤੋਂ ਵਧ ਬੇਨਕਾਬ ਕੀ ਹੋਵੇ ?
ਜ਼ਿੰਦਗੀ ਮਹਿਕ ਹੈ ਤਾਂ ਬਦਬੋ ਵੀ,
ਕੰਡਿਆਂ ਬਿਨ ਗੁਲਾਬ ਕੀ ਹੋਵੇ ?

ਤਾਰਿਆਂ ਨਾਲ ਦਰਦ ਦਾ ਰਿਸ਼ਤਾ,
ਨਾ ਹੋਵੇ ਬੇਹਿਸਾਬ, ਕੀ ਹੋਵੇ ?

ਜਿੱਥੇ ਅੱਖਾਂ 'ਚ ਲੋੜਾਂ ਰੜਕਦੀਆਂ,
ਓਥੇ ਦਿਲ ਦਾ ਖ਼ਵਾਬ ਕੀ ਹੋਵੇ ?

ਜਿਸਦੇ ਆਪਣੇ ਹੀ ਖ਼ੂਨ ਪੀਂਦੇ ਨੇ,
ਉਸਦੇ ਚਿਹਰੇ ਤੇ ਆਬ ਕੀ ਹੋਵੇ?

ਰੁੱਤ ਆਵੇ ਤਾਂ ਫੁੱਲ ਖਿੜ ਜਾਵੇ,
ਇਸ ਤੋਂ ਵਧ ਕੇ ਸ਼ਬਾਬ ਕੀ ਹੋਵੇ?

ਰੋਂਦਿਆਂ ਦੇਖ ਕੇ ਜੋ ਛੱਡ ਜਾਵੇ,
ਮੌਤ, ਪਾਂਧੀ, ਉਕਾਬ ਕੀ ਹੋਵੇ ?

ਤਤਕਰਾ

ਜ਼ਿੰਦਗੀ, ਬਸ ਦੋ ਤੇ ਦੋ ਮਿਲ ਕੇ ਜੋ ਹੁੰਦੇ ਚਾਰ, ਨਹੀਂ,
ਇਹ ਯਕੀਨਨ ਜਿੱਤ ਨਹੀਂ ਤੇ ਇਹ ਯਕੀਨਨ ਹਾਰ ਨਹੀਂ।

ਜ਼ਿੰਦਗੀ ਤੇ ਮੌਤ ਦੇ ਵਾਂਗੂੰ ਹੀ ਇਹ ਵਿਸ਼ਵਾਸ ਹੈ,
ਇਹ ਕਦੇ ਵੀ 'ਹੋਣ' ਜਾਂ 'ਨਾ-ਹੋਣ' ਦੇ ਵਿਚਕਾਰ ਨਹੀਂ।

ਰੁੱਖ ਨੂੰ ਆਖੋ ਕਿ ਹਰ ਇਕ ਸ਼ਾਖ਼ ਦੀ ਇੱਜ਼ਤ ਕਰੇ,
ਇਸ ਬਿਨਾ ਉਸ ਵਾਸਤੇ ਕੋਈ ਵੀ ਰੁੱਤ ਬਹਾਰ ਨਹੀਂ।

ਆਪਣੇ ਲਈ ਜ਼ਿੰਦਗੀ ਨੇ, ਬਹੁਤ ਮੱਲਾਂ ਮਾਰੀਆਂ,
ਮੌਤ ਦੀ ਨਗਰੀ 'ਚ ਇਸ ਦਾ ਫੇਰ ਵੀ ਸਤਿਕਾਰ ਨਹੀਂ।

ਰਾਖ਼ ਦੇ ਵਿਚ ਚਿੰਣਗ ਬਾਕੀ, ਨਾ ਹਵਾ ਦੇ ਏਸ ਨੂੰ,
ਕੀ ਪਤਾ, ਕੀ ਕਰ ਗੁਜ਼ਾਰੇ, ਏਸ ਦਾ ਇਤਬਾਰ ਨਹੀਂ!

ਆ 'ਪ੍ਰੀਤਮ'! ਫ਼ਲਸਫ਼ੇ ਨੂੰ, ਏਨਾ ਤੇ ਦੱਸ ਛੱਡੀਏ!
ਜ਼ਿੰਦਗੀ, ਖ਼ੁਸ਼ਹਾਲ ਜੇਕਰ ਆਰ ਨਹੀਂ ਤਾਂ ਪਾਰ ਨਹੀਂ।

ਜੀਵਨ ਦੇ ਰਸਤਿਆਂ ਦੀ ਹਸਰਤ ਨਾ ਮਿਟ ਸਕੇ,
ਭਾਵੇਂ ਮੁਸਾਫ਼ਰੀ ਦੀ ਮੁਸੀਬਤ ਨਾ ਮਿਟ ਸਕੇ।

ਦੁੱਖਾਂ ਨੈਂ ਦੇਖ ਕੇ ਕਦੇ ਅੱਖਾਂ ਨਾ ਮੀਟਣਾ,
ਇਸ ਤਰ੍ਹਾਂ ਤਾਂ ਇਨ੍ਹਾਂ ਦੀ ਹਕੀਕਤ ਨਾ ਮਿਟ ਸਕੇ।

ਐ ਦੋਸਤ! ਜ਼ੁਲਮ ਸਹਿਣ ਦੀ ਆਦਤ ਨਾ ਪਾ ਲਵੀਂ,
'ਵਾਰਸ' ਵੀ ਕਹਿ ਗਿਆ ਏ, ਆਦਤ ਨਾ ਮਿਟ ਸਕੇ।

ਧਰਤੀ ਹੈ ਗੋਲ਼ ਇਸ ਲਈ ਕਿ ਦੂਰ ਨਾ ਦਿਸੇ,
ਤੇ ਥੱਕੇ ਹਾਰਿਆਂ ਦੀ ਹਿੰਮਤ ਨਾ ਮਿਟ ਸਕੇ।

ਜੀਵਨ ਦੇ ਰਾਹਾਂ 'ਚ ਜਦ ਵੀ ਮੈਂ ਹਾਂ ਠੋਕਰ ਖਾ ਗਿਆ,
ਕੁਝ ਪਰੇਸ਼ਾਨੀ ਦੇ ਪਿੱਛੋਂ ਮਨ ਟਿਕਾਣੇ ਆ ਗਿਆ।

ਮੁੱਲ ਭਰਨਾ ਪਿਆ ਹੈ, ਹਰ ਇੱਕ ਅਵੱਲੀ-ਰੀਝ ਦਾ,
ਬੇਰਾਂ ਦਾ ਲਾਲਚ ਵੀ ਝੱਗਾ-ਰੇਸ਼ਮੀ ਪੜਵਾ ਗਿਆ।

ਜਿਸ ਨੂੰ ਅੱਖਾਂ ਉੱਗੀਆਂ ਉਹ ਮਨ ਛੁਪਾਇਆਂ ਨਾ ਛੁਪੇ,
ਆਸੇ ਪਾਸੇ ਨ੍ਹੇਰਿਆਂ ਨੂੰ ਵੀ ਹੈ ਉਹ ਰੁਸ਼ਨਾ ਗਿਆ।

ਇੱਕ, ਲੰਮੀ ਤਕਰੀਰ ਕਰਕੇ ਵੀ ਨਹੀਂ ਕੁਝ ਕਹਿ ਸਕੇ,
ਤੇ ਕੋਈ ਬਿਨ ਬੋਲਿਆਂ, ਦਿਲ ਦੀ ਗੱਲ ਸਮਝਾ ਗਿਆ।

ਉਸ ਸ਼ਖ਼ਸ ਦੇ ਵਿਚ ਸ਼ਰਾਫ਼ਤ ਕੁਝ ਤਾਂ ਬਾਕੀ ਹੈ ਅਜੇ,
ਗ਼ਲਤ ਕੰਮ ਕਰਕੇ ਹੈ ਜਿਹੜਾ ਆਪ ਹੀ ਸ਼ਰਮਾ ਗਿਆ।

ਗਿੱਲੀਆਂ ਅੱਖਾਂ ਵਿਚ ਪ੍ਰੀਤਮ! ਹੱਸ ਪਈ ਕੋਈ ਖ਼ੁਸ਼ੀ,
ਜਦ ਕਿਸੇ ਵਿੱਛੜੇ ਹੋਏ ਦਾ, ਬਸ ਤਸੱਵਰ ਆ ਗਿਆ।

ਤਤਕਰਾ

ਜੋ ਵੀ ਚਾਹਿਆ, ਉਹ ਨਹੀਂ ਮਿਲਦਾ ਰਿਹਾ,
ਜ਼ਿੰਦਗੀ ਵਿਚ, ਇੰਜ ਵੀ ਹੁੰਦਾ ਰਿਹਾ।

ਮੌਤ ਆਪਣੇ ਆਪ ਦੇ ਵਿਚ ਖ਼ੁਸ਼ ਬੜੀ,
ਕਿਸੇ ਬਹਾਨੇ, ਇਸ ਦਾ ਘਰ ਭਰਦਾ ਰਿਹਾ।

ਸਭ ਤੋਂ ਵੱਡਾ ਸੁਖ ਹੈ ਕਿਸੇ ਮਿਲਾਪ ਦਾ,
ਪਰ ਇਹ ਵੀ ਤਾਂ ਰੱਜ ਨਾ ਰਹਿੰਦਾ ਰਿਹਾ।

ਰੱਸਾ-ਕਸ਼ੀ ਦੇ ਵਿਚ ਵਿਚਾਲੇ ਹੈ ਖ਼ੁਸ਼ੀ,
ਹਰ ਕੋਈ ਆਪਣੇ ਹੀ ਵੱਲ ਖਿੱਚਦਾ ਰਿਹਾ।

ਤੜਪ ਦੋਵੇਂ ਪਾਸੇ ਵੀ ਤਾਂ ਮਿਲਣ ਕੀ!
ਦੋਹਾਂ-ਪਾਸਿਆਂ ਵਿਚ, ਸਦਾ ਰਸਤਾ ਰਿਹਾ।

ਜਦ ਵੀ ਪ੍ਰੀਤਮ! ਕਾਲ਼ਖ਼ਾਂ ਨੇ ਘੇਰਿਆ,
ਸਾਇਆ ਇਕ ਮੁਸਕਾਨ ਦਾ ਚਿੱਟਾ ਰਿਹਾ।

ਝੀਲ ਵਿਚ ਸੁੱਟ ਕੇ ਡਬੋਈ, ਓਸ ਨੇ ਭਾਰੀ ਕਿਤਾਬ,
ਪੜ੍ਹ ਕੇ ਭਵਜਲ ਤਰਨ ਦਾ ਲਾਇਆ ਨਹੀਂ ਕੋਈ ਹਿਸਾਬ।

ਆਪਣੇ ਥੱਲੇ ਨ੍ਹੇਰ ਹੈ ਪਰ ਰਾਹ ਦਿਖਾਵੇ ਫੇਰ ਵੀ,
ਬਲ ਰਹੇ ਦੀਪਕ ਦੀ ਹੁੰਦੀ ਆਪਣੀ ਵੱਖਰੀ ਹੀ ਤਾਬ।

ਚੰਗਾ ਮੰਦਾ ਕਹਿਣ ਦੀ ਜਲਦ-ਬਾਜ਼ੀ ਨਾ ਕਰੀਂ,
ਕੀ ਪਤਾ, ਕੀ ਨਿੱਕਲੇ! ਜਦ ਰਾਜ਼ ਹੋਇਆ ਬੇ-ਨਕਾਬ।

ਆਪਣਾ ਭਾਂਡਾ ਸਲਾਹਿਆ ਹੈ ਘੁਮਾਰੀ ਨੇ ਸਦਾ,
ਰੋੜ੍ਹਿਆ ਬੇਸ਼ੱਕ ਹੋਵੇ, ਉਸ ਨੇ 'ਸੋਹਣੀ' ਦਾ ਸ਼ਬਾਬ।

ਕੋਈ ਆਪਣੇ ਆਪ ਨੂੰ 'ਖ਼ਾਕੀ' ਤੋਂ 'ਨੂਰੀ' ਕਰ ਸਕੇ,
'ਸੁਰਤ' ਕਰਕੇ ਛੇੜੀ ਹੋਵੇ 'ਬੰਸਰੀ' ਭਾਵੇਂ 'ਰਬਾਬ'।

"ਇਸਨੂੰ ਇੰਜ ਸੁਲਝਾ ਲਿਓ" ਇਹ ਲਿਖਣ ਸੀ ਲੱਗਿਆ,
ਏਨੀਆਂ ਸਨ 'ਗੁੰਝਲਾਂ' ਕਿ ਹੋ ਗਈ ਭਾਰੀ ਕਿਤਾਬ।

ਹਰ ਨਵਾਂ-ਮਨ ਆਲਸੀ ਤੇ ਹਰ ਨਵਾਂ-ਮਨ ਜੰਗਲੀ,
ਨਾ ਹੀ ਮਜ਼ਹਬ, ਨਾ ਸਿਆਸਤ, ਕਰ ਸਕਣਗੇ ਬੇ-ਖ਼ਰਾਬ।

ਐ 'ਪ੍ਰੀਤਮ'! ਆਪਣੇ ਮਨ-ਦੀ-ਝੀਲ ਦੇ ਵਿਚ ਡੁੱਬ ਕੇ,
ਲੱਭ ਸਕੇਂ ਤਾਂ ਲੱਭ ਕੇ, ਪੜ੍ਹ ਲਵੀਂ ਸੱਚ ਦੀ ਕਿਤਾਬ।

ਤਤਕਰਾ

ਝੂਠ ਵਾਂਗੂੰ ਸੱਚ ਦਾ ਦਰਜਾ ਨਹੀਂ,
ਸੱਚ ਕਦੇ ਵਧਦਾ ਨਹੀਂ, ਘਟਦਾ ਨਹੀਂ।

ਦੇਖ! ਜਿੰਨੀ ‘ਕਾਇਨਾਤ’ ਦੇਖਣੀ,
ਏਸ ਨੇ ਕੀਤਾ ਕਦੇ ਪਰਦਾ ਨਹੀਂ।

ਇਹ ਕੁਦਰਤ, ਹੈ ਸਹਾਰਾ ਜੀਣ ਦਾ,
ਆਦਮੀ ਦਾ ਏਸ ਬਿਨ ਸਰਦਾ ਨਹੀਂ।

ਹੈ ਸਚਾਈ ਕਿੰਜ ਸਾਥੋਂ ਛੁਪ ਰਹੀ!
ਚੰਦ ਕਦੇ ਘਟਦਾ ਨਹੀਂ, ਵਧਦਾ ਨਹੀਂ।

ਅੱਖ ਜੇ ਪੈਮਾਨਾ ਹੈ ਤਾਂ ਜਾਣ ਲੈ,
ਇਹ ਤਾਂ ਹੀ ਚੰਗਾ ਹੈ ਜੇ ਭਰਦਾ ਨਹੀਂ।

ਜੋ ਕਿਸੇ ਦੇ ਹੱਕ ਦੇ ਲਈ ਮਿਟ ਗਿਆ,
ਦੇਖਿਆ ਹੈ, ਉਹ ਕਦੇ ਮਰਦਾ ਨਹੀਂ।

ਓਸ ਸੰਨਿਆਸੀ ਦੀ ਕਰਨੀ ਕੀ ਉਡੀਕ!
ਉਹ ਤੇ ਘਰ ਦਾ ਹੋ ਕੇ ਵੀ ਘਰ ਦਾ ਨਹੀਂ।

ਝੋਕ ਆ ਕੇ ਨੀਂਦ ਦੀ ਪਾਉਂਦੀ ਯੁਗਾਂ ਦੇ ਫ਼ਾਸਲੇ,
ਇਕ ਘੜੀ ਦਾ ਖੁੰਝਿਆ, ਸੌ ਕੋਹਾਂ ਤਾਈਂ ਨਾ ਮਿਲੇ।

ਜ਼ਿੰਦਗੀ ਦਾ ਨਾਮ ‘ਲੀਲਾ’ ਜ਼ਿੰਦਗੀ ‘ਸੰਗਰਾਮ’ ਵੀ,
ਖੇਡਣ ਤੇ ਜੂਝਣ ਦੇ ਪਿੱਛੋਂ, ਇਕੋ ਥਾਂ ਸਭ ਜਾ ਰਲੇ।

ਸਰਦਲਾਂ ਵਿਚ ਬੈਠ ਕੇ, ਜਿਨ੍ਹਾਂ ਦੀ ਰਾਹ ਤਕਦੇ ਰਹੇ,
ਖ਼ਬਰੇ ਕਿਧਰੋਂ ਲੰਘ ਗਏ ਚੰਗੇ ਦਿਨਾਂ ਦੇ ਕਾਫ਼ਲੇ!

ਧੌਲੇ-ਬੈਲ ਦਾ ਸਿੰਙ ਬਣ ਕੇ ਸਭ ਲੋਕਾਈ ਚੁੱਕ ਲਈ,
ਜੋ ਅਸਹਿ ਨੂੰ ਸਹਿ ਗਏ, ਦੇਖੇ ਉਨ੍ਹਾਂ ਦੇ ਹੌਸਲੇ।

ਖੰਡਰਾਂ ਨੂੰ ਦੇਖਿਆ ਤਾਂ ਸੂਝ ਆਏਗੀ ਜ਼ਰੂਰ,
ਨਿਕਲਦੇ ਦੇਖੇ ਨੇ ਅਕਸਰ ਕਸ਼ਮਕਸ਼ ‘ਚੋਂ ਵਲਵਲੇ।

ਖੁਰਚਦੀ ਹੈ, ਜ਼ਖ਼ਮੇ-ਦਿਲ ‘ਤੇ ਆਏ ਹਰ ਅੰਗੂਰ ਨੂੰ,
ਯਾਦ ਉਸਦੀ ਪੀੜ ਬਣ ਕੇ ਆ ਮਿਲੇ ਜਦ ਵੀ ਗਲੇ।

ਦੱਸ ਪ੍ਰੀਤਮ! ਫੇਰ ਮੈਨੂੰ ਰਹਿਮਤਾਂ ਦੀ ਲੋੜ ਕੀ?
ਅਮਲਾਂ ਦੇ ਉੱਤੇ ਹੀ ਹੋਣੇ ਹੈਨ ਜੇਕਰ ਫ਼ੈਸਲੇ।

ਤਤਕਰਾ

ਤੜਪ ਤੜਪ ਕੇ ਮਰਨਾ ਬਦਤਰ ਹੁੰਦਾ ਹੈ,
ਬਾਜ਼ ਅਚਿੰਤੇ ਪੈਣ ਤਾਂ ਬਿਹਤਰ ਹੁੰਦਾ ਹੈ।

'ਮੌਤ' ਪਤਾ ਨਹੀਂ ਚੰਗੀ ਹੈ ਜਾਂ ਮੰਦੀ ਹੈ,
ਪਰ ਇਸਦਾ ਡਰ ਜੀਕਣ ਨਸ਼ਤਰ ਹੁੰਦਾ ਹੈ।

ਹੋਣੀ ਵੀ, ਸਾਨੂੰ ਅਨਹੋਣੀ ਲੱਗਦੀ ਹੈ,
ਦੁਨੀਆਂ ਦੇ ਵਿਚ ਈਕਣ ਅਕਸਰ ਹੁੰਦਾ ਹੈ।

ਕਣੀਆਂ ਪੱਤੀਆਂ, ਫਲਾਂ ਅਤੇ ਛਿਣਾ ਵਾਂਗੂੰ,
ਜੀਵਨ ਸਾਡਾ, ਇੱਕੋ ਚੱਕਰ ਹੁੰਦਾ ਹੈ।

ਹਰ ਸਾਹ ਦੇ ਸੁਖ ਦੀ ਬਾਜ਼ੀ ਜਿਸਨੇ ਜਿੱਤੀ,
ਉਸਦਾ ਮਰਨ ਕਦੇ ਨਾ ਦੂਭਰ ਹੁੰਦਾ ਹੈ।

ਸਾਡਾ ਆਪਣਾ ਅਕਸ ਹਮੇਸ਼ਾ ਨਾਲ ਰਵ੍ਹੇ,
ਅਕਸਰ ਦਿਸਦਾ ਨਹੀਂ ਹੈ ਐਪਰ ਹੁੂੰਦਾ ਹੈ।

ਬਿਨ ਕਾਰਣ ਹੀ ਜਿਹੜਾ ਝਗੜਾ ਸ਼ੁਰੂ ਕਰੇ,
ਉਸ ਦੀ ਇੱਟ ਦਾ ਉੱਤਰ ਪੱਥਰ ਹੁੰਦਾ ਹੈ।

ਉੱਪਰ ਜੋ ਜਾਵੇਗਾ ਹੇਠਾਂ ਆਵੇਗਾ,
ਸਭ ਦੇ ਨਾਲ ਹੀ ਐਸਾ ਆਖ਼ਿਰ ਹੁੰਦਾ ਹੈ।

ਆਪਣੇ ਭਲਕ ਤੋਂ ਪ੍ਰੀਤਮ! ਵਾਕਿਫ਼ ਹੋਵੇਗਾ,
ਜਿਸ ਦੇ ਕੋਲ ਵੀ ਤੀਜਾ ਨੇਤਰ ਹੁੰਦਾ ਹੈ।

ਤਤਕਰਾ

ਤਾਰਾ ਟੁੱਟਾ ਕਿਸ ਦੇ ਭਾਗੀਂ! ਕਿਸ ਦੀ ਮਾਂਗ ਸਜਾਵੇਗਾ ਇਹ!
ਕਿ ਮਿੱਟੀ ਦੇ ਮੋਹ ਵਿਚ ਤੁਰਿਆ, ਖ਼ੁਦ ਮਿੱਟੀ ਹੋ ਜਾਵੇਗਾ ਇਹ।

ਇਸ ਤਾਰੇ ਦੀ ਦਰਦ ਕਹਾਣੀ, ਐਟਮ ਤੋਂ ਜ਼ੱਰੇ ਤਕ ਜਾਣੀ,
ਕਿਸੇ ਦੀ ਕਿਸਮਤ ਘੜਦਾ ਘੜਦਾ ਆਪਣੀ ਹੋਂਦ ਗਵਾਵੇਗਾ ਇਹ।

ਧੁੰਧ ਮਿਟੀ ਤਾਂ ਜੀਵਨ ਪਾਇਆ, ਜੀਵਨ ਬਾਅਦ ਵੀ ਓਹੀ ਸਾਇਆ,
ਜੀਵਨ ਹੀ ਚਾਨਣ ਹੈ ਪ੍ਰੀਤਮ, ਜੋਤੋਂ ਜੋਤ ਜਗਾਵੇਗਾ ਇਹ।

ਇਸ ਜੀਵਨ ਦੀ ਕੀ ਆਸ਼ਾ ਹੈ! ਕਿੱਥੋਂ ਆਵੇ! ਕਿੱਥੇ ਜਾਵੇ!
ਲਿਵ-ਲੀਨਤਾ ਉੱਤੇ ਜਾ ਕੇ, ਅਨਹਦ-ਨਾਦ ਵਜਾਵੇਗਾ ਇਹ।

'ਸੁੰਨੋਂ ਸੁੰਨ ਕਹੇ ਸਭ ਕੋਈ', ਇਸ ਬਿਨ ਮਨ ਦੀ ਤ੍ਰਿਪਤ ਨਾ ਹੋਈ,
ਅਤ੍ਰਿਪਤੀ ਤੋਂ ਨਿਕਲਣ ਵੇਲੇ, ਅਨਹਦ-ਨਾਦ ਭੁਲਾਵੇਗਾ ਇਹ।

ਸੁਬਹ ਤੋਂ ਲੈ ਕੇ ਰੂਹ ਦੇ ਸੂਰਜ ਏਸ ਜਗਹ 'ਤੇ ਚਾਨਣ ਕੀਤਾ,
ਸ਼ਾਮ ਪਈ ਤਾਂ ਹੋਰ ਕਿਸੇ ਥਾਂ ਜਾ ਕੇ ਡੇਰਾ ਲਾਵੇਗਾ ਇਹ।

ਰੂਹ ਦੇ ਸੂਰਜ ਓਥੇ ਜਾਣਾ, ਜਿੱਥੇ ਆਪਣਾ ਆਪ ਗਵਾਣਾ,
ਨਰਕ ਸੁਰਗ ਤੋਂ ਅੱਗੇ ਜਾ ਕੇ, ਜੋਤੀ-ਜੋਤ ਸਮਾਵੇਗਾ ਇਹ।

ਸੱਚੀ ਦਰਗਹ ਅੰਦਰ ਇਸ ਦੀ ਬੋਲੀ ਨਾ ਸਮਝੇਗਾ ਕੋਈ,
ਆਪਣੇ ਸਾਥ ਗੁਆ ਕੇ ਆਪੇ, ਕੀਕਣ ਆਖ ਸੁਣਾਵੇਗਾ ਇਹ।

ਕੱਚੀ ਉਮਰ ਦੀ ਸਿਖਰ ਦੁਪਹਿਰੇ, ਏਥੇ ਹੈ ਇਕ ਬਾਲਕ ਸੁੱਤਾ,
ਕਬਰ ਦੇ ਪੱਥਰ 'ਤੇ 'ਘੁੱਗੀ ਦਾ ਇਹ ਨਿਸ਼ਾਨ' ਬਤਲਾਵੇਗਾ ਇਹ।

ਸਾਗਰ ਦੇ ਥੱਲੇ 'ਤੇ ਜਿਹੜਾ ਪਾਣੀ, ਉਸ ਦਾ ਕੀ ਹੋਣਾ ਹੈ!
ਨਾ ਅੰਬਰ ਦੀਆਂ ਮੌਜਾਂ ਤੇ ਨਾ ਛਹਿਬਰ ਕੋਈ ਲਗਾਵੇਗਾ ਇਹ।

ਇਸ ਮਾਲੀ ਦੀ ਮਿਹਨਤ ਉੱਤੇ, ਕਲੀ ਹੱਸੇਗੀ ਫਿਰ ਰੋਵੇਗੀ,
ਜਦ ਫੁੱਲਾਂ ਨੂੰ ਤੋੜ ਤੋੜ ਕੇ, ਕੋਈ ਹਾਰ ਬਣਾਵੇਗਾ ਇਹ।

ਏਸ ਸਮੇਂ ਨੇ ਚਾਲ ਇਹ ਚੱਲੀ, ਰਹਿ ਗਈ ਜਿੰਦ 'ਕੱਲੀ ਦੀ 'ਕੱਲੀ,
ਕੀ ਪਤਾ ਸੀ ਕਿ ਪ੍ਰੀਤਮ ਨੂੰ, ਏਥੇ ਵੀ ਲੈ ਆਵੇਗਾ ਇਹ।

ਤਤਕਰਾ

ਤੁਰਦੀ  ਤੁਰਦੀ ਹੈ ਜਵਾਨੀ ਤੁਰ ਗਈ,
ਪਹਿਲਵਾਨਾਂ! ਪਹਿਲਵਾਨੀ ਤੁਰ ਗਈ।

ਸਿੱਪੀ 'ਚੋਂ 'ਮੋਤੀ' ਵਿਦਾਈ ਲੈ ਲਈ,
ਉਸ ਵਿਚਾਰੀ ਦੀ ਰਵਾਨੀ ਤੁਰ ਗਈ।

ਤਾਕਤ ਜਿਸਨੇ ਦਿੱਤੀ ਵਾਪਿਸ ਲੈ ਲਈ,
ਉਹ ਤੇ ਹੈ ਹੀ ਸੀ ਬੇਗ਼ਾਨੀ ਤੁਰ ਗਈ।

ਮੁੱਲ ਤਾਰੇਗਾ ਕੋਈ, 'ਅਹਿਸਾਸ' ਦਾ,
ਜਦ ਮੁਹੱਬਤ ਦੀ ਨਿਸ਼ਾਨੀ ਤੁਰ ਗਈ।

ਰੂਪ ਨਵਾਂ ਹੈ ਧਾਰਿਆ ਜਦ 'ਲੱਛਮੀ',
ਟਕਾ, ਆਨਾ ਤੇ ਦੁਆਨੀ ਤੁਰ ਗਈ।

ਢਲ਼ ਰਹੇ  ਪਰਛਾਵਿਆਂ ਦੇ ਨਾਲ ਹੀ,
ਚੜ੍ਹਦੇ ਸੂਰਜ ਦੀ ਨਿਸ਼ਾਨੀ ਤੁਰ ਗਈ।

ਜਿਸਮ ਤਾਂ  ਹਾਲੇ ਵੀ ਮੁਰਦੇ ਕੋਲ ਹੈ,
ਪਰ ਪ੍ਰੀਤਮ!  ਜ਼ਿੰਦਗਾਨੀ ਤੁਰ ਗਈ।

ਤੁਰਨ ਵੇਲ਼ੇ ਦੇਖੀਆਂ ਜਦ ਅੱਖੀਆਂ ਨਮ,
ਦੁਚਿੱਤੀ ਵਿਚ ਫਸ ਗਏ, ਤੁਰਦੇ ਕਦਮ।

ਪਿਆਰ ਦੇ ਖੰਡਰਾਤ 'ਚੋਂ ਲੰਘਣਾ ਸੀ ਜੇ,
ਮੋਹ ਨਹੀਂ ਤਾਂ ਤੱਕ ਤੇ ਜਾਂਦੋਂ ਕਮ ਸੇ ਕਮ।

ਨ੍ਹੇਰ ਦੇ ਵਿਚ ਆਸਰਾ ਸੀ ਬਿੜਕ ਦਾ,
ਭੁੱਲੇ ਹੋਏ  ਰਾਹ ਤੋਂ  ਨਾ ਲੰਘੇ ਸਨਮ।

ਫਲ਼ - ਭਰੇ  ਰੁੱਖਾਂ  ਨੂੰ  ਵੱਟੇ  ਪੈਣਗੇ,
ਫਿਰ ਕੋਈ ਸਹਿ ਜਾਏਗਾ ਹੁੰਦੇ ਜ਼ੁਲਮ।

ਪ੍ਰੀਤਮ! ਕੀ ਲੁੱਟਣਾ ਕਿਸੇ, ਕੰਗਾਲ ਨੂੰ!
ਕੌਣ ਕੰਮ ਕਰਦਾ ਹੈ ਏਥੇ ਬਿਨ ਰਕਮ!

ਤਤਕਰਾ

ਤੁਰੇਗਾ, ਤੁਰੇਗਾ, ਤੁਰੇਗਾ ਸਦਾ ਹੀ ਮੇਰਾ ਕਾਫ਼ਲਾ ।
ਘਟੇਗਾ, ਘਟੇਗਾ, ਘਟੇਗਾ ਮੇਰੀ ਵਾਟ ਦਾ ਫ਼ਾਸਲਾ ।

ਤੇਰੇ ਇਸ਼ਕ ਦੇ ਇਮਤਿਹਾਨਾਂ ਦੀ ਗਿਣਤੀ, ਜਿਉਂ ਜਿਉਂ ਘਟੀ,
ਵਧੇਗਾ, ਵਧੇਗਾ, ਵਧੇਗਾ ਤੇਰੇ ਪਿਆਰ ਦਾ ਹੌਸਲਾ ।

ਕੋਈ ਜੇ ਮੁਹੱਬਤ ਦਾ ਪਿਆਸਾ ਏ, ਪਿਆਸਾ ਨਾ ਮਰ ਜਾਣ ਦੇ,
ਬਣੇ ਨਾ, ਬਣੇ ਨਾ, ਬਣੇ ਨਾ ਕਿਤੇ ਫਿਰ ਕੋਈ ਕਰਬਲਾ ।

ਮੇਰਾ ਇਸ਼ਕ ਸਾਬਤ, ਹੁਸਨ ਨੂੰ ਕਹੋ ਇਹ ਵੀ ਸਾਬਤ ਰਹੇ,
ਨਾ ਟੁੱਟੇ, ਨਾ ਟੁੱਟੇ, ਨਾ ਟੁੱਟੇ ਕਦੀ ਪਿਆਰ ਦਾ ਸਿਲਸਲਾ ।

ਤਨਾਂ ਦੀ, ਮਨਾਂ ਦੀ ਤੇ ਰੂਹਾਂ ਦੀ ਵੀ ਤਪਸ਼ ਮਿਟ ਜਾਏਗੀ,
ਵਰ੍ਹੇਗਾ, ਵਰ੍ਹੇਗਾ, ਵਰ੍ਹੇਗਾ ਜਦੋਂ ਪਿਆਰ ਦਾ ਮੇਘਲਾ।

ਤਰੱਕੀ ਦੇ ਰਾਹ ’ਤੇ ਰੁਕੇ ਨੂੰ ਨਵੀਂ ਚਾਲ ਮਿਲ ਜਾਏਗੀ,
ਆਏਗਾ, ਆਏਗਾ, ਆਏਗਾ ਜਦੋਂ ਵੀ ਕੋਈ ਜ਼ਲਜ਼ਲਾ ।

ਇਹ ਦੁਨੀਆਂ ਸਿਆਸਤ ਵਰਤ ਕੇ ਜੇ ਤੈਨੂੰ ਹਰਾ ਨਾ ਸਕੀ,
ਕਰੇਗੀ, ਕਰੇਗੀ, ਕਰੇਗੀ ਕੋਈ ਫਿਰ ਨਵਾਂ ਚੋਚਲਾ ।

ਜਦੋਂ ਤਾਈਂ ‘ਪ੍ਰੀਤਮ’! ਤੂੰ ਆਪਣਾ ਚੌਗਿਰਦਾ ਨਾ ਪਹਿਚਾਣਿਆਂ,
ਰਹੇਗਾ, ਰਹੇਗਾ, ਰਹੇਗਾ ਕੋਈ ਨਾ ਕੋਈ ਤੌਖਲਾ ।

ਤੂੰ ਆਪਣੇ ਵਰਗਾ, ਰੌਸ਼ਨ ਖ਼ਿਆਲ ਦੇ ਮੈਨੂੰ,
ਮੈਂ ਤੇਰਾ ਅਕਸ ਹਾਂ ਆਪਣਾ ਜਲਾਲ ਦੇ ਮੈਨੂੰ।

ਮੈਂ ਖ਼ਤਮ ਹੁੰਦੇ ਜੀਵਨ ਦਾ ਭੇਦ ਜਾਣ ਲਿਆ,
ਕਜ਼ਾ ਦੇ ਖ਼ੌਫ਼ ‘ਚੋਂ, ਹੁਣ ਤੇ ਨਿਕਾਲ ਦੇ ਮੈਨੂੰ!

ਹਰੇਕ ਗੱਲ ਵਿਚ, ਕੁਝ ਨਾ ਕੁਝ ਸਚਾਈ ਹੈ,
ਨਜ਼ਰੀਆ ਗ਼ੈਰ ਦਾ ਕੀ ਹੈ? ਵਿਖਾਲ ਦੇ ਮੈਨੂੰ।

ਤੇਜ਼-ਰਫ਼ਤਾਰੀ ਰੌਸ਼ਨੀ ਦੀ, ਹੈ ਕਮਾਲ ਬੜੀ!
ਕਿਵੇਂ ਇਹ ਛੇਕ ਨਾ ਪਾਵੇ! ਸਿਖਾਲ ਦੇ ਮੈਨੂੰ।

ਅਸਫ਼ਲਤਾ ਹੈ, ਤਾਂ ਸਫ਼ਲਤਾ ਵੀ ਹੈ ਪ੍ਰੀਤਮ!
ਇੰਜ ਕਹਿ ਕੇ ਨਾ ਹਰ ਵਾਰੀ, ਟਾਲ ਦੇ ਮੈਨੂੰ।

ਤਤਕਰਾ

ਤੇਰੀ, ਦੁਨੀਆਂ 'ਚ ਪਤਲੀ ਹੀ ਹਾਲਤ ਰਹੀ,
ਤੇਰੀ ਦੁਨੀਆਂ ਦੇ ਅੰਦਰ ਬਗ਼ਾਵਤ ਰਹੀ।

ਤੇਰੀ ਦੁਨੀਆਂ ਦੇ ਪੱਥਰ ਖ਼ੁਦਾ ਨਾ ਬਣੇ,
ਤੇਰੀ ਦੁਨੀਆਂ ਦੇ ਅੰਦਰ ਜਹਾਲਤ ਰਹੀ।

ਕੀ ਕਰੇਗਾ ਇਹ ਸਹਿਰਾ ਸਮੁੰਦਰ ਤੇਰੇ!
ਚਾਰ ਕਣੀਆਂ ਦੀ ਇਸਨੂੰ ਜ਼ਰੂਰਤ ਰਹੀ।

ਪੀਲੇ ਪੱਤਿਆਂ ਨੂੰ ਛੂਹ ਕੇ ਹਵਾ ਆਖਦੀ,
"ਸਦਾ ਜੀਵਨ ਦੇ ਸਿਰ 'ਤੇ ਕਿਆਮਤ ਰਹੀ"।

ਮਰਦੀ ਮਰਦੀ ਇਹ ਹਸਰਤ ਵੀ ਮਰ ਜਾਏਗੀ,
ਜੇ ਨਾ ਦਿਲ ਨੂੰ ਰਿਝਾਵਣ ਦੀ ਆਦਤ ਰਹੀ।

ਜਦ ਜਵਾਨੀ ਦੀ ਮੰਜ਼ਿਲ ਤਹਿ ਕਰ ਲਈ,
ਨਾ ਉਹ ਜੇਰਾ ਰਿਹਾ, ਨਾ ਉਹ ਸੂਰਤ ਰਹੀ।

ਵਾਂਗ ਲਾਵੇ ਦੇ, ਜਦ ਵੀ ਹੈ ਸੱਚ ਬੋਲਿਆ,
ਆਸੇ ਪਾਸੇ ਦਸ਼ਾ ਨਾ ਸਲਾਮਤ ਰਹੀ।

ਕੋਈ ਅੰਨ੍ਹੇ ਦੀ ਡੰਗੋਰੀ ਖੋਹ ਲੈ ਗਿਆ,
ਪ੍ਰੀਤਮ! ਅਕਲਾਂ ਦੇ ਸੰਗ ਵੀ, ਅਦਾਵਤ ਰਹੀ।

ਤੇਰੇ ਦਿਲ ਦੀ, ਜੋ ਦਿਲ ਜਾਣੇ, ਉਹ ਤੇਰਾ ਦਿਲਦਾਰ ਬਣੇ,
ਸਾਹਾਂ ਤੋਂ ਜੋ ਪਿਆਰਾ ਲੱਗੇ, ਉਹ ਉਮਰਾਂ ਦਾ ਪਿਆਰ ਬਣੇ।

ਮਿਹਨਤ ਤੇ ਵਿਸ਼ਵਾਸ ਦੀ ਡੋਲੀ ਬੈਠ ਜਦੋਂ ਅਰਮਾਨ ਤੁਰੇ,
ਕਾਲ਼ੀਆਂ ਰਾਤਾਂ ਰੋਕ ਨਾ ਸਕਣ, ਉਹ ਸੁਪਨਾ ਸਾਕਾਰ ਬਣੇ।

ਕਾਂਗਾਂ, ਝੱਖੜ, ਝੋਲੇ ਕੀ ਨੇ! ਮੇਰੀ ਜੀਵਨ ਨਈਆ ਲਈ,
ਤੇਰੀ ਪ੍ਰੀਤ ਦਾ ਇੱਕੋ ਤਿਣਕਾ, ਜੇ ਇਹਦਾ ਪਤਵਾਰ ਬਣੇ।

"ਪਿਆਰ ਦੇ ਬਦਲੇ ਪਿਆਰ ਮਿਲੇਗਾ?" ਜੇ ਤੈਨੂੰ ਕੋਈ ਪੁੱਛ ਲਏ,
ਅੱਖਾਂ ਦਾ ਸ਼ਰਮਾ ਜਾਣਾ ਹੀ, ਉੱਤਰ ਦਾ ਇਜ਼ਹਾਰ ਬਣੇ।

ਘਰ ਦੀ ਬੇ-ਇਤਫ਼ਾਕੀ ਘਰ ਨੂੰ ਵੀਰਾਨਾ ਵੀ ਕਰ ਦੇਂਦੀ,
ਪਰ ਵਿਸ਼ਵਾਸ ਤੇ ਪਿਆਰ ਜੇ ਹੋਵੇ, ਵੀਰਾਨਾ ਗੁਲਜ਼ਾਰ ਬਣੇ।

ਪਰਖਣ ਦੇ ਲਈ ਪਿਆਰ ਕਿਸੇ ਦਾ, ਮਾਰੂਥਲ ਵਿਚ ਰੇਤ ਸੜੀ,
ਤਲਖ਼ ਇਰਾਦੇ, ਲੱਖ ਤਸੀਹੇ ਤੇ ਕਿਧਰੇ ਮੰਝਧਾਰ ਬਣੇ।

ਕੁੱਲ ਦੁਨੀਆਂ ਦੇ ਦਾਰੂ ਮਿਲ ਕੇ, ਬਿਰਹਾ ਰੋਗ ਨਾ ਕੱਟ ਸਕੇ,
ਬਿਰਹਾ ਦੇ ਰੋਗੀ ਦਾ ਦਾਰੂ, 'ਪ੍ਰੀਤਮ' ਦਾ ਦੀਦਾਰ ਬਣੇ।

ਤਤਕਰਾ

ਦਰਦ ਵਧ ਕੇ ਜਦੋਂ ਦਵਾ ਨਾ ਬਣੇ,
ਸਹ-ਖ਼ੁਦਕੁਸ਼ੀ[1] ਫਿਰ ਖ਼ਤਾ ਨਾ ਬਣੇ।

ਜਨਮ ਦੇਣ ਜਾਂ ਨਾ-ਦੇਣ ਦਾ ਹੱਕ,
ਕਿਸੇ ਦੇ ਵਾਸਤੇ, ਸਜ਼ਾ ਨਾ ਬਣੇ।

ਪੱਤੇ ਐਵੇਂ ਹੀ ਜੋ ਹਿਲਾਂਦੀ ਫਿਰੇ,
ਆਦਮੀ ਤੋਂ ਕਦੇ ਹਵਾ ਨਾ ਬਣੇ।

ਅਗਾਂਹ ਜਾਂਦੇ ਨੂੰ ਜੋ ਪਿਛਾਂਹ ਸੱਦੇ,
ਕਿਸੇ ਵੀ ਦਿਲ ਦੀ ਸਦਾ ਨਾ ਬਣੇ।

ਕਰੇ ਨੁਕਸਾਨ ਜੋ ਜ਼ਮੀਰਾਂ ਦਾ,
ਕੋਈ ਐਸਾ ਵੀ ਤਾਂ ਨਫ਼ਾ ਨਾ ਬਣੇ।

1. Euthanasia

ਦਿਨ ਮੇਰੀ ਇਕੱਲਤਾ ਦੇ ਬਦਲ ਜਾਂਦੇ ਤਾਂ ਚੰਗਾ ਸੀ,
ਜਿੰਨ੍ਹਾਂ ਮੋੜ ਤੇ ਮਿਲਣਾ ਸੀ ਮਿਲ ਜਾਂਦੇ ਤਾਂ ਚੰਗਾ ਸੀ।

ਕਿਉਂ ਕਹਿੰਦੇ ਨੇ ਕੰਡਿਆਂ ਨੇ ਫੁੱਲਾਂ ਦਾ ਬੁਰਾ ਕੀਤਾ?
ਇਸ ਇਲਜ਼ਾਮ ਦੇ ਸ਼ੰਕੇ ਨਿਕਲ ਜਾਂਦੇ ਤਾਂ ਚੰਗਾ ਸੀ।

ਅੱਖਰ ਸਾੜਿਆਂ ਸੜਦੇ ਨਹੀਂ ਹਨ, ਜ਼ਿਹਨ ਦੇ ਵਿੱਚੋਂ,
ਖ਼ਤਾਂ ਦੇ ਨਾਲ ਜਜ਼ਬੇ ਵੀ, ਜਲ ਜਾਂਦੇ ਤਾਂ ਚੰਗਾ ਸੀ।

ਨਹੀਂ ਹੈ ਕੋੜ 'ਤੇ ਸ਼ਿਕਵਾ ਕੋਈ, ਮੇਰੇ ਵਿਕਾਰਾਂ ਨੂੰ,
ਹੁਸਨ ਦੇ ਕੋਲ ਜਾ ਕੇ ਜੇ ਸੰਭਲ ਜਾਂਦੇ ਤਾਂ ਚੰਗਾ ਸੀ।

ਕਿਸੇ 'ਅਹਲਿਆ' ਵਾਂਗੂੰ ਨਜ਼ਰ ਪਥਰਾ ਗਏ ਜਿਹੜੇ,
ਗ਼ਮ ਦੀਦੇ ਦੇ ਹੰਝੂਆਂ ਵਿਚ ਢਲ ਜਾਂਦੇ ਤਾਂ ਚੰਗਾ ਸੀ।

ਨੀ ਜਿੰਦੇ! ਤੇਰੇ ਵਿਹੜੇ ਜੋ ਬੜੇ ਚਾਵਾਂ ਨਾ' ਬੀਜੇ ਸੀ,
ਜੇ ਅਰਮਾਨ ਪ੍ਰੀਤਮ ਦੇ ਵੀ ਫਲ ਜਾਂਦੇ ਤਾਂ ਚੰਗਾ ਸੀ।

ਤਤਕਰਾ

ਦੀਵਾ, ਜੋ ਨ੍ਹੇਰੀ ਦੇ ਵਿਚ ਜਗਾ ਗਿਆ,
ਨੰਗੇ ਪੈਰੀਂ ਕੰਡਿਆਂ ਨੂੰ ਠੁਕਰਾ ਗਿਆ।

ਕੰਢਿਆਂ ਤੋਂ ਬਾਹਰ ਵੀ, ਜੋ ਵਹਿ ਗਿਆ,
ਅੱਗ, ਠੰਡੇ ਪਾਣੀਆਂ ਨੂੰ ਲਾ ਗਿਆ।

ਹਾਣੀਆਂ ਦੇ ਨਾਲ ਨਾ ਜੋ ਜੀਵਿਆ,
ਓਸ ਦਾ ਫਿਰ ਜਨਮ ਤਾਂ ਬਿਰਥਾ ਗਿਆ।

ਉਹ, ਜਿਸ ਨੇ ਗੂੜ੍ਹੀਆਂ ਲਾਈਆਂ ਨਹੀਂ,
ਆਖ਼ਰੀ ਜੀਵਨ ਦੇ ਵਿਚ 'ਕੱਲਾ ਗਿਆ।

ਜਦ ਕਿਸੇ, ਪੱਥਰ ਸੁਨਹਿਰੀ ਚੁਗ ਲਿਆ,
ਆਪਣੇ ਟੁੱਟੇ ਦਿਲ ਦਾ ਚੇਤਾ ਆ ਗਿਆ।

ਜਿੰਨਾਂ ਦਾਮਨ, ਸਾਫ਼ ਨੀਅਤ ਕੋਲ ਸੀ,
ਐ ਪ੍ਰੀਤਮ! ਬਿਨ ਮੰਗੇ ਭਰਦਾ ਗਿਆ।

ਦੀਵਾਲੀ ਦੀ ਜਗਮਗ ਤੱਕ ਕੇ, ਰਾਤ ਬਹੁਤ ਹੈਰਾਨ ਹੋ ਗਈ।
ਕਿਹੜਾ 'ਨਵਾਂ ਚੰਦ' ਹੈ ਚੜ੍ਹਿਆ! ਸੋਚਦੀ, ਪਸ਼ੇਮਾਨ ਹੋ ਗਈ।

ਇਕ ਆਚਾਰੀਆ, ਯੋਧਾ 'ਬਾਨਰ'[1], ਡੁੱਬਦੀ ਬੇੜੀ ਤਾਰ ਗਿਆ,
ਤਾਕਤ, ਹੌਸਲਾ ਅਤੇ ਸਿਆਣਪ ਸ਼ਰਧਾ-ਹਿਤ ਕੁਰਬਾਨ ਹੋ ਗਈ।

'ਬਾਨਰ' ਤੇ ਬਾਂਦਰ ਵਿਚ ਅੰਤਰ, ਪੂਰੀ ਕੌਮ ਨਾ ਸਮਝ ਸਕੀ,
ਬਹੁਮੱਤ ਦੀ ਝੂਠੀ ਕਹਿਣੀ ਵੀ, ਅਕਸਰ ਹੀ ਪ੍ਰਵਾਨ ਹੋ ਗਈ।

ਏਸ ਸ਼ਮ੍ਹਾਂ ਨੇ ਸੁਬਹ ਦੇ ਤਾਈਂ ਹਰ ਹਾਲਾਤ ਖ਼ਤਮ ਹੋ ਜਾਣਾ,
ਰਾਤ ਦੇ ਪਾਂਧੀ ਤੈਨੂੰ ਕੀ! ਜੇ ਤੇਰੇ ਲਈ ਕੁਰਬਾਨ ਹੋ ਗਈ।

ਕੌਣ ਕਿਸੇ ਦੇ ਪਿਆਰ ਦੇ ਅੰਦਰ ਹੁਣ ਤੇ ਅੰਨ੍ਹਾਂ ਹੁੰਦਾ ਹੈ!
ਹਰ ਇਕ ਅੱਖ ਸੁਜਾਖੀ ਹੋਈ ਹਰ ਇਕ ਸੋਚ ਸ਼ੈਤਾਨ ਹੋ ਗਈ।

ਆਸ ਫਲਾਂ ਦੀ ਹੈ ਉਹਨਾਂ ਤੋਂ, ਜੋ ਰੁੱਖ ਹਾਲੇ ਲਾਏ ਨਹੀਂ,
ਕਾਹਲੀ ਕਾਹਲੀ ਕਰ ਰਹੀ, ਕਿੰਜ ਦੁਨੀਆਂ ਨਾਦਾਨ ਹੋ ਗਈ!

ਪਹਿਲਾਂ ਮਨ-ਪਰਚਾਵੇ ਦੇ ਲਈ, ਲੋਕ ਸ਼ਹਿਰ ਨੂੰ ਆਉਂਦੇ ਸਨ,
ਹੁਣ ਜੰਗਲ[2] ਦੀ ਧਰਤੀ ਅੱਗੇ ਇਹ ਧਰਤੀ ਸੁੰਨਸਾਨ ਹੋ ਗਈ।

ਅੱਤਵਾਦੀ ਹੋ ਕੇ ਵੀ ਲੀਡਰ, ਅਮਨ ਦੇ ਨਾਅਰੇ ਲਾਉਂਦੇ ਨੇ,
ਚੋਰ ਉਚੱਕੇ ਬਣੇ ਚੌਧਰੀ, ਗੁੰਡੀ ਰੰਨ ਪ੍ਰਧਾਨ ਹੋ ਗਈ।

ਕਿਸੇ ਦੀ ਕੀ ਪਹਿਚਾਣ ਕਿਸੇ ਨੂੰ! ਆਪਣਾ ਆਪਾ ਭੁੱਲਿਆ ਹੈ,
ਪ੍ਰੀਤਮ! ਦੇਖੀਂ! ਸੋਚ ਅਸਾਡੀ ਕਿੱਥੋਂ ਤਕ ਗ਼ਲਤਾਨ ਹੋ ਗਈ!

---

1. Forestman (ਬਨਵਾਸੀ, ਹਨੂਮਾਨ) 2. cottage

ਤਤਕਰਾ

ਦੂਸਰਿਆਂ ਨੂੰ ਦੋਸ਼ੀ ਕਹਿਣਾ, ਅਕਸਰ ਬੜਾ ਸੁਖਾਲਾ ਹੈ,
ਚਾਨਣ ਵਿਚ ਜੇ ਦੇਖਿਆ ਜਾਵੇ ਆਪਣਾ ਅਕਸ ਵੀ ਕਾਲਾ ਹੈ।

ਇਕ ਦਾਣੇ ਨੂੰ ਪੀਸਿਆ ਜਾਂਦਾ ਇਕ ਨੂੰ ਬੀਜਿਆ ਜਾਂਦਾ ਹੈ,
ਕਿਸ ਦੀ ਝੋਲੀ ਕੀ ਕੁਝ ਪੈਣਾ! ਕਿੰਨਾ ਖੇਲ ਨਿਰਾਲਾ ਹੈ!!

ਦੇਖੋ! ਅੰਗ ਸਰੀਰ ਦੇ, ਕੀ ਕੀ ਇਕ ਦੂਜੇ ਲਈ ਕਰਦੇ ਨੇ!
ਅੱਖਾਂ ਉਸ ਨੂੰ ਢੂੰਢਣ ਪਈਆਂ, ਦਿਲ ਜਿਸ ਦਾ ਮਤਵਾਲਾ ਹੈ।

ਝੂਠ ਦੇ ਕਬਜ਼ੇ ਵਿਚ, ਜਦੋਂ ਮਜਬੂਰ ਸਚਾਈ ਹੋਵੇਗੀ,
ਉਹ ਛੇਤੀ ਹੀ ਭਬਕ ਪਵੇਗਾ, ਜੋ ਸੱਚ ਬੋਲਣ ਵਾਲਾ ਹੈ।

ਧਰਤੀ ਦੇ ਜੀਵਨ ਦੀ ਭਾਵੇਂ 'ਲੋੜ' ਤਾਂ ਪੂਰੀ ਕਰਦਾ ਹੈ,
ਮਿੱਟੀ ਨੂੰ ਤਕਸੀਮ ਕਰ ਗਿਆ, ਸਾਗਰ ਹੈ ਜਾਂ ਨਾਲਾ ਹੈ।

ਇਸ ਧਰਤੀ ਨੂੰ 'ਸ਼ਾਂਤ' ਹੁੰਦਿਆਂ ਹੋਰ ਬਹੁਤ ਚਿਰ ਲੱਗੇਗਾ,
ਉੱਪਰੋਂ ਤਾਂ ਮਾਂ ਦੀ ਮਮਤਾ ਹੈ, ਅੰਦਰ ਅਜੇ 'ਜਵਾਲਾ' ਹੈ।

ਗਿਆਨ, ਸਦਾ ਹੀ ਨ੍ਹੇਰ ਮਿਟਾ ਕੇ, ਰਾਹ ਦਿਖਾਈ ਜਾਵੇਗਾ,
ਇਹ, ਹਰ ਯੁਗ ਦੇ ਖੋਜੀ ਦੇ ਲਈ ਐਸਾ ਇਕ ਉਜਾਲਾ ਹੈ।

ਏਸ ਜਗਹ ਦੇ ਬਹੁਤੇ ਲੋਕੀ ਪਰਛਾਂਵੇਂ ਤੋਂ ਡਰਦੇ ਨੇ,
ਬੇ-ਯਕੀਨੀ ਏਨੀ ਹੈ ਕਿ ਆਪਣੇ ਆਪ ਦਾ ਪਾਲਾ ਹੈ।

ਇਸ ਦਰਵਾਜ਼ੇ ਦੇ ਉੱਤੇ, ਹੁਣ ਦਸਤਕ ਦੇਣੀ ਕੀ! ਪ੍ਰੀਤਮ!!
ਇਸ ਦਰਵਾਜ਼ੇ ਦੇ ਉੱਤੇ ਤਾਂ ਬੜੇ ਚਿਰਾਂ ਦਾ ਤਾਲਾ ਹੈ।

ਦੇਖ ਕੇ 'ਦੂਸਰਾ', ਤਸਵੀਰ ਦਾ ਪਾਸਾ ਏਥੇ,
ਕਰੇਗਾ ਕੀ ਕੋਈ ਦੁਨੀਆਂ ਦਾ ਭਰੋਸਾ ਏਥੇ!

ਕੀ ਤਅੱਜੁਬ ਕਿ ਜੇ ਈਮਾਨ ਡੋਲਦੇ ਫਿਰਦੇ?
ਏਸ ਧਰਤੀ ਦਾ 'ਧੁਰਾ' ਹੀ ਹੈ ਕੁਆਸਾ ਏਥੇ।

ਭਲਾ ਦੁਨੀਆਂ ਦਾ ਕੋਈ ਚਾਲ-ਚਲਣ ਕੀ ਜਾਣੇ?
ਕਿ ਆਦਮੀ ਹੀ ਨਹੀਂ ਆਪਣਾ ਖੁਲਾਸਾ ਏਥੇ।

ਪਿਆਸ ਮਿਟ ਜਾਣ ਦੀ ਕੀ ਆਸ ਲਗਾਉਣੀ ਪ੍ਰੀਤਮ!
ਹਰ ਸਮੁੰਦਰ ਹੀ ਰਿਹਾ ਹੈ ਜੇ ਪਿਆਸਾ ਏਥੇ।

ਤਤਕਰਾ

ਦੋ ਤੇ ਦੋ ਮਿਲ ਚਾਰ ਹੁੰਦੇ ਰਹਿਣਗੇ,
ਕੁਝ ਕੁ ਜਜ਼ਬੇ ਇਹ ਸਜ਼ਾ ਵੀ ਸਹਿਣਗੇ।

ਸੁੰਨਿਆਂ ਘਰਾਂ 'ਚ ਰੌਣਕ ਹੋ ਸਕੇ,
ਕੁਝ ਕਬੂਤਰ ਆ ਕੇ ਓਥੇ ਬਹਿਣਗੇ।

ਹੱਥ ਦੀ ਮਿਹਨਤ ਸਜ਼ਾ ਬਣ ਜੀਏਗੀ,
ਮਰਹਬਾ! ਮੁੜ੍ਹਕੇ ਦੇ ਮੋਤੀ ਵਹਿਣਗੇ।

'ਚੰਗੀ-ਚੋਖੀ' ਮੰਗਕੇ ਹੀ ਜੇ ਖਾਓਗੇ,
ਕਿਸ ਤਰ੍ਹਾਂ ਕਰਜ਼ੇ ਸਿਰਾਂ ਤੋਂ ਲਹਿਣਗੇ!

ਭਾਵ ਸਾਡੇ, ਬੋਲਾਂ ਦੇ ਮੁਹਤਾਜ ਨਾ,
ਇਨ੍ਹਾਂ ਜੋ ਕਹਿਣਾ ਹੈ ਉਂਜ ਹੀ ਕਹਿਣਗੇ।

ਅਕਲ ਨੂੰ ਜਦ ਵੀ ਜਨੂੰਨ ਮਿਲ ਪਿਆ,
ਦੇਰ ਤਕ ਪ੍ਰੀਤਮ! ਇਹ ਦੋਵੇਂ ਖਹਿਣਗੇ।

ਦੋ ਨੀਅਤਾਂ ਮੇਰੇ ਘਰ ਆਈਆਂ, ਇਕ ਭੁੱਖੀ ਇਕ ਰੱਜੀ,
ਇਕ ਫਿਰੇ ਪਈ ਨੰਗੀ ਨੰਗੀ, ਦੂਜੀ ਕੱਜੀ ਕੱਜੀ।

ਸਰਹੱਦਾਂ 'ਤੇ, ਜਦੋਂ ਕਿਸੇ ਨੇ, ਕਿਸੇ ਦੇ ਗੋਲੀ ਮਾਰੀ,
ਘਰ ਵਿਚ ਬੈਠੀ, ਸੁੱਖਾਂ ਸੁੱਖਦੀ, ਮਾਂ ਦੇ ਸੀਨੇ ਵੱਜੀ।

ਹੱਕ ਨਿਆਂ ਦੇ ਰਾਜ ਦੀ ਖ਼ਾਤਿਰ, ਜਦ ਵੀ ਲੋੜ ਪਈ ਹੈ,
ਨੀਤੀਵਾਨਾਂ, ਚੁਣੀ ਹੈ ਨੀਤੀ, ਨਾ ਖੱਬੀ ਨਾ ਸੱਜੀ।

ਵਾਸ਼ਨਾਵਾਂ ਦੇ ਨ੍ਹੇਰ ਨੇ ਜਿਸ ਨੂੰ, ਹੈ ਨਿਰਮੋਹੀ ਕੀਤਾ,
ਉਸ ਦੇ ਅੰਬਰੀਂ, ਯਾਦ ਕਿਸੇ ਦੀ, ਨਾ ਚਮਕੀ ਨਾ ਗੱਜੀ।

ਜਦੋਂ ਭਰਾਵਾਂ ਦੇ ਝਗੜੇ ਤੋਂ, ਖ਼ੂਨੀ ਜੰਗ ਛਿੜੀ ਹੈ,
ਐਸੀ ਹਾਲਤ ਦੇ ਵਿਚ 'ਪ੍ਰੀਤਮ' ਆਪਣੀ ਹੀ ਬਾਂਹ ਭੱਜੀ।

ਤਤਕਰਾ

ਨਹੀਂ ਮਖ਼ਮਲਾਂ ਜੇ ਤਾਂ ਨਾ ਸਹੀ,
ਮੈਨੂੰ ਭਰੀ-ਭਰਾਈ ਪਰਾਲ[1] ਦੇ।
ਮੈਂ ਲਈ ਜੋ ਆਪ ਨਗੰਦ ਕੇ,
ਮੇਰੀ ਗੋਦੜੀ ਨੂੰ ਵੀ ਲਾਲ ਦੇ।

ਇਹ ਸਜ਼ਾ ਤਾਂ ਮੈਨੂੰ ਦੇ ਲਈ,
"ਮਿਲੇ ਮਾਤਲੋਕ ਦੀ ਜ਼ਿੰਦਗੀ"!
ਪਰ ਉਸ ਗੁਨਾਹ ਨੂੰ ਕਰਦਿਆਂ,
ਜਿਹੜੀ ਨਾਲ ਸੀ ਉਹ ਵੀ ਨਾਲ ਦੇ।

ਜਿੱਥੇ ਨਾਲ ਕੋਈ ਨਾ ਜਾ ਸਕੇ,
ਓਥੇ ਜਾ ਕੇ ਵੀ ਕੋਈ ਆ ਸਕੇ,
ਜੇ ਤੂੰ 'ਸਰਬ-ਸ਼ਕਤੀਮਾਨ' ਹੈਂ,
ਜ਼ਰਾ ਇਹ ਵੀ ਕਰ ਕੇ ਦਿਖਾਲ ਦੇ।

ਦੇਖਾਂ ਸਹੀ! ਕੋਈ ਕਿਸ ਤਰ੍ਹਾਂ,
ਕਰੇ ਤੇਰੇ ਨਾਲ ਵਧੀਕੀਆਂ!
ਤੂੰ ਕੁਝ ਪਲਾਂ ਦੇ ਵਾਸਤੇ,
ਮੈਨੂੰ ਆਪਣਾ ਆਪ ਸੰਭਾਲ ਦੇ।

ਇਹੇ ਕਿਸ ਤਰ੍ਹਾਂ ਦੀ ਹਵਾ ਚੱਲੀ!
ਕਿ ਥਲਾਂ 'ਚੋਂ ਪੈੜ ਵੀ ਉੜ ਗਈ,
ਜੋ ਸਬੱਬ ਰਿਹਾ ਮੇਰੀ ਪਿਆਸ ਦਾ,
ਮੇਰੀ ਤਪਦੀ-ਰੂਹ ਨੂੰ ਭਾਲ ਦੇ।

ਕਿ ਮੈਂ ਆਪਣੀ ਤਪਸ਼ ਮਿਟਾ ਸਕਾਂ,
ਦੁਨੀਆਂ 'ਚ ਠੰਡ ਵਰਤਾ ਸਕਾਂ,
ਮੇਰੀ ਸੋਚ ਨੂੰ ਮੇਰੀ ਸਮਝ ਨੂੰ,
ਕੋਈ ਇਸ ਤਰ੍ਹਾਂ ਦਾ ਖ਼ਿਆਲ ਦੇ।

---

1. ਪਰਾਲ ਜਾਂ ਪਰਾਲੀ = ਝੋਨੇ ਦਾ ਨਾੜ, ਜਿਸ ਵਿਚੋਂ ਦਾਣੇ ਕੱਢੇ ਹੋਏ ਹੁੰਦੇ ਹਨ। (ਆਮ ਤੌਰ 'ਤੇ ਗ਼ਰੀਬ ਲੋਕ ਜਾਂ ਸਰਾਂਵਾਂ ਵਿਚ ਠਹਿਰਨ ਵਾਲੇ, ਇਸ ਉੱਪਰ ਸੌਂਦੇ ਹਨ।)

ਤਤਕਰਾ

ਨਾ ਛੁਪਾ ਸਕਿਆ ਇਹ ਚਿਹਰਾ, ਸਾਫ਼ ਸੁੱਚੇ ਦਿਲ ਦੀ ਗੱਲ,
ਜੋ ਅਚਾਨਕ ਆ ਗਈ ਹੈ ਸਾਹਮਣੇ, ਉਸ ਗੱਲ ਦੀ ਗੱਲ।

ਇਹ ਗ਼ਰੀਬੀ ਹੈ, ਇਹਦੇ ਪੈਰਾਂ ‘ਚ ਸਿਰਫ਼ ਰਾਹ ਨੇ,
ਨਾ ਕਰੋ ਵਿਸ਼ਰਾਮ ਦੀ, ਆਰਾਮ ਦੀ, ਮੰਜ਼ਿਲ ਦੀ ਗੱਲ।

ਇਹ ਮਿੱਟੀ ਜ਼ਰਖ਼ੇਜ਼[1], ਇਹਨੂੰ ‘ਕਾਮੇ’, ‘ਰਾਖੇ’ ਚਾਹੀਦੇ,
ਏਸ ਥਾਂ ਨਾ ਕਦਰ ਪਾਵੇ, ਤਾਲ ਦੀ, ਪਾਇਲ ਦੀ ਗੱਲ।

ਸੋਚਦਾ ਹਾਂ ਕਿ ਬਣੇਗਾ, ਇਕ ਅਜਾਇਬ-ਘਰ ਕਦੇ[2],
ਹੋਵੇਗੀ ਓਸੇ ਜਗਹ ਬਸ, ਹੋਣ ਨੂੰ ਜਾਹਿਲ ਦੀ ਗੱਲ।

ਦੋਸਤਾਂ ਨੇ ਜਦ ਭਰੇ ਦਰਿਆ ‘ਚ ਧੱਕਾ ਮਾਰਿਆ,
ਸੋਚਦਾ ਜਾਂਦਾ ਸੀ ਬੇ-ਦਿਲ, ਬੇ-ਰਹਿਮ ਸਾਹਿਲ ਦੀ ਗੱਲ।

ਜਦ ਕਦੇ ਇਕੱਲਤਾ ਨੇ ਆਣ ਮੈਨੂੰ ਘੇਰਿਆ,
ਆ ਗਈ ਹੈ ਯਾਦ ਪ੍ਰੀਤਮ! ਤਦ ਤੇਰੀ ਮਹਫ਼ਿਲ ਦੀ ਗੱਲ।

---

1. ਪੰਜਾਬ ਵਰਗੀ 2. ਜਦੋਂ ਜਹਾਲਤ ਖ਼ਤਮ ਹੋ ਜਾਵੇਗੀ।

ਨਾ ਰਸਤਿਆਂ ਨੂੰ ਯਾਦ ਕਰਨਾ, ਨਾ ਮੰਜ਼ਿਲਾਂ ਦਾ ਖ਼ਿਆਲ ਰੱਖਣਾ,
ਜੀਂਦੇ ਜੀਅ ਪਰ ਰਾਹ ‘ਚ ਮਿਲੀਆਂ, ਕੁਰਬਤਾਂ ਨੂੰ ਸੰਭਾਲ ਰੱਖਣਾ।

ਮੈਂ ਆਪਣੀ ਮੰਜ਼ਿਲ ਦੇਖ ਆਇਆ, ਮੈਂ ਸੁਰਖ਼ਰੂ ਹਾਂ ਮੈਂ ਸੁਰਖ਼ਰੂ ਹਾਂ,
ਕਦੇ ਤਾਂ ਆਪਣੀ ਸੋਚ ਅੰਦਰ, ਇਸ ਤਰ੍ਹਾਂ ਦਾ ਕਮਾਲ ਰੱਖਣਾ।

ਜੇ ਕਿਧਰੇ ਨੌਬਤ ਆਣ ਪਹੁੰਚੇ, ਰਵਾਇਤਾਂ ਦੀ, ਜ਼ਿੰਦੜੀਆਂ ਦੀ,
ਸੌ ਰਵਾਇਤਾਂ ਦੇ ਬਦਲੇ ਵਿਚ ਇਕ ਜ਼ਿੰਦਗੀ ਨੂੰ ਬਹਾਲ ਰੱਖਣਾ।

ਜੇ ਕੋਈ ਸਾਥੀ ਤਿਲਕ ਰਿਹਾ ਹੈ, ਡਿੱਗ ਰਿਹਾ ਹੈ, ਪਛੜ ਰਿਹਾ ਹੈ,
ਆਪਣੇ ਹੀ ਕਿਰਦਾਰ ਖ਼ਾਤਿਰ, ਉਸ ਨੂੰ ਵੀ ਨਾਲ ਨਾਲ ਰੱਖਣਾ।

ਭਟਕ ਨਾ ਜਾਵੇ ਲੋਚ ਤੇਰੀ, ਬਿਖਰ ਨਾ ਜਾਵੇ ਸੋਚ ਤੇਰੀ,
ਆਪਣੇ ਮਨ ਦੀ ਦੁਨੀਆਂ ਅੰਦਰ, ਇਹ ਸੂਰਤ-ਇ-ਹਵਾਲ ਰੱਖਣਾ।

ਤੇਰੀ ਫ਼ਤਿਹ, ਤੇਰੀ ਆਤਮਾਂ ਦੀ ਸ਼ਕਤੀ ਕਰਕੇ ਹੋ ਗਈ ਸੀ,
ਮਰਦ ਦੀ ਮਰਦਾਨਗੀ ਦਾ, ਵਹਿਮ ਦਿਲ ‘ਚੋਂ ਨਿਕਾਲ ਰੱਖਣਾ।

ਇਸਮਤਾਂ, ਇੱਜ਼ਤਾਂ ਦੀ ਖ਼ਾਤਿਰ, ਤਾਕਤਾਂ, ਦੌਲਤਾਂ ਦੀ ਖ਼ਾਤਿਰ,
ਜੋ ਜੰਗ ਹੋ ਕੇ ਹੀ ਹੈ ਰਹਿਣੀ, ਟਲਦੀ ਹੈ ਤਾਂ ਟਾਲ ਰੱਖਣਾ।

ਭੁੱਲ ਕੇ ਹੀ ਮੁਸਕਰਾ ਤਾਂ ਦੇ ਤੂੰ, ਦੁਸ਼ਮਣਾ ਦੇ ਲਈ ਵੀ ‘ਪ੍ਰੀਤਮ’!
ਇਹ ਵੀ ਕੀ ਕਿ ਉਮਰ ਭਰ ਹੀ, ਦਿਲ ਦੇ ਵਿਚਲਾ ਚੰਡਾਲ ਰੱਖਣਾ।

ਤਤਕਰਾ

ਨਾਗਮਣੀ ਦੀ ਭਾਲ 'ਚ ਤੁਰਿਆ, ਪਰ ਉਹ ਹੱਥ ਨਾ ਆਈ,
ਜ਼ਹਿਰੀਲੇ ਡੰਗਾਂ ਦੀ ਏਥੇ, ਉਹ ਹੀ ਇਕ ਦਵਾਈ।

ਸੇਬ ਖਾਣ ਨੂੰ ਆਖ ਰਹੀ ਏਂ? ਨਾ ਬਈ! ਹੁਣ ਨਹੀਂ ਖਾਣਾ,
ਇਕ ਵਾਰੀ ਤਾਂ ਛੱਡ ਆਇਆ ਹਾਂ ਤੇਰੇ ਕਹੇ ਖ਼ੁਦਾਈ।

ਸੁਰਗ ਨੂੰ ਜਾਂਦਾ ਬੱਕਰਾ ਬੋਲੇ, " ਮੈਂ ਜਿੱਥੇ ਚੱਲਿਆ ਹਾਂ,
ਆ ਕੇ ਜ਼ਰਾ ਦਿਖਾਵਣ ਓਥੇ! ਸ਼ਰੀਅਤ ਅਤੇ ਕਸਾਈ"।

ਜਦ 'ਸਿਰ-ਧੜ ਦੀ ਬਾਜ਼ੀ' ਤਾਈਂ ਗੱਲ ਆਣ ਕੇ ਪਹੁੰਚੀ,
ਨੀਤੀਵਾਨਾਂ ਦਾਅ ਦੇ ਉੱਤੇ, ਲਾਈ ਜਾਨ ਪਰਾਈ।

ਕਦੇ ਤਾਂ ਏਥੇ 'ਦਾਦੇ' ਦੀਆਂ, ਕਦੇ ਨੇ 'ਪੋਤੇ' ਦੀਆਂ,
ਹੱਲਾ ਮਾਰ 'ਅਹਲਿਆ' ਹਿੱਲੀ, 'ਇੰਦਰ-ਪੁਰੀ' ਹਿਲਾਈ।

'ਪ੍ਰੀਤਮ' ਜੇਹਾ ਬੇ-ਗ਼ਮ ਬੰਦਾ, ਦੁਨੀਆਂ 'ਤੇ ਨਾ ਹੋਣਾ,
ਇਸ ਨੇ 'ਰਾਜ਼' ਵੀ ਬਣਨ ਨਾ ਦਿੱਤੀ, ਏਨੀ ਗੱਲ ਛੁਪਾਈ।

ਨਿੱਕੀਆਂ ਨਿੱਕੀਆਂ ਗੱਲਾਂ ਸੁਣ ਕੇ ਹੱਸੇ ਸੀ,
ਨਿੱਕੀਆਂ ਨਿੱਕੀਆਂ ਗੱਲਾਂ ਸੁਣ ਕੇ ਰੋਏ ਨੇ।
ਕੱਲ੍ਹ ਜਿਹੜੇ ਸਨ ਫੁੱਲਾਂ ਵਾਂਗੂੰ ਮਹਿਕ ਰਹੇ,
ਉਹ ਬੋਲ ਹੁਣ ਕੰਡਿਆਂ ਵਰਗੇ ਹੋਏ ਨੇ।

ਰਾਖ਼ ਦੇ ਵਿਚ ਸੁਲਗਦੀ ਹੋਈ ਚਿੰਗਾਰੀ,
ਫਿਰ ਭੜਕਣ ਦੀ ਆਸ ਲਗਾਈ ਬੈਠੀ ਹੈ,
ਅੱਜ ਫਿਰ ਤੇਜ਼-ਤਰਾਰ ਹਵਾਵਾਂ ਚੱਲਣ ਦੇ,
ਲਗਦਾ ਹੈ ਆਸਾਰ, ਬੜੇ ਨਰੋਏ ਨੇ।

ਅਨਵਾਨ ਵੀ ਜੇ ਮੈਂ ਲਿਖਾਂ ਤਾਂ ਕੀ ਲਿਖਾਂ!
ਕੋਝ ਨੂੰ ਬੁਰਾ ਕਹਿਣ ਦਾ ਨਾਮ ਹੈ ਸੁੰਦਰਤਾ,
ਤੇਰੀ ਮੇਰੀ ਆਪਣੀ ਹੀ ਮਾਂ-ਬੋਲੀ ਨੇ,
ਕਿੰਨੇ ਮਾਅਨੇ ਅੱਖਰਾਂ ਵਿਚ ਲਕੋਏ ਨੇ!

ਰੂਹ ਦੇ ਵਾਂਗ ਤਾਸੀਰ ਇਨ੍ਹਾਂ ਦੀ ਹੁੰਦੀ ਹੈ,
ਰੂਹ ਵਾਂਗ ਹੀ ਇਹ ਜੀਵਨ ਦਾ ਹਿੱਸਾ ਨੇ,
ਬੰਦਾ ਤਾਂ ਹੈ ਮਰਦਾ ਮਰਦਾ ਮਰ ਜਾਂਦਾ,
ਮਰ ਜਾਣੇ ਅਰਮਾਨ ਭਲਾ ਕਦ ਮੋਏ ਨੇ!

ਚੰਗੇ ਸਮਿਆਂ ਨੂੰ ਯਾਰਾਂ ਵਿਚ ਮਾਣਦਿਆਂ,
ਅਚਨਚੇਤ ਜੇ ਕਿਧਰੇ ਮੁਸ਼ਕਿਲ ਆ ਜਾਵੇ,
ਆਪਣਾ ਆਖਣ ਵਾਲੇ ਫੇਰ ਨਹੀਂ ਦਿਸਦੇ,
ਆਪਣਾ ਸਮਝਣ ਵਾਲੇ ਨਾਲ ਖਲੋਏ ਨੇ।

ਜੋ ਕਿਸੇ ਦੀ ਇੱਜ਼ਤ ਕਰਨਾ ਜਾਣ ਲਵੇ,
ਉਸ ਨੂੰ ਹੀ ਸਨਮਾਨ ਹਮੇਸ਼ਾ ਮਿਲਿਆ ਹੈ,
ਵੈਸੇ ਹੀ ਫਲ ਪ੍ਰੀਤਮ! ਉਸ ਨੂੰ ਲੱਗਦੇ ਨੇ,
ਜੈਸੇ ਜੈਸੇ ਬੀਜ ਕਿਸੇ ਨੇ ਬੋਏ ਨੇ।

ਤਤਕਰਾ

ਨਿੱਖਰੇ ਆਸਮਾਨਾਂ ‘ਤੇ, ਘਟਾਵਾਂ ਤਾਜ਼ੀਆਂ ਛਾਈਆਂ,
ਟਿਕੇ ਚਿੱਤ ਨੂੰ ਹਿਲਾ ਗਈਆਂ, ਤਲਾ ਵਿਚ ਕੰਕਰਾਂ ਆਈਆਂ।

ਹੁਸਨ ਦੀ ਨਾ ਖ਼ਤਾ ਕੋਈ, ਇਸ਼ਕ ਦੀ ਨਾ ਖ਼ਤਾ ਕੋਈ,
ਭਰੇ ਬਾਜ਼ਾਰ ਵਿਚ ਦੋਹਾਂ, ਸਜ਼ਾਵਾਂ ਫੇਰ ਵੀ ਪਾਈਆਂ।

ਨਾ ਏਥੇ ‘ਕਲਪ’ ਹੈ ਕੋਈ ਤੇ ਨਾ ਏਥੇ ‘ਹੁਮਾ’ ਕੋਈ,
ਮੇਰੇ ਵਰਗ ਵਿਚ, ਜਿੰਦਾਂ, ਮੁਸ਼ੱਕਤ ਨਾਲ ਟਕਰਾਈਆਂ।

ਜਦੋਂ ਦੀ ਰੌਸ਼ਨੀ ਕੋਈ, ਹਯਾਤੀ ‘ਚੋਂ ਵਿਦਾ ਹੋਈ,
ਕਦੇ ਨੇ ਕੋਲ ਪਰਛਾਈਆਂ, ਕਦੇ ਨੇ ਕੋਲ ਤਨਹਾਈਆਂ।

ਮਜ਼ਾ ਕੁਝ ਹੋਰ ਹੀ ਹੁੰਦੈ, ਜੇ ਥੁਹੜੀ ਪਿਆਸ ਰਹਿ ਜਾਵੇ,
ਦਿਲਕਸ਼ ਹੁੰਦੀਆਂ ਅਕਸਰ, ‘ਪ੍ਰੀਤਮ’ ਰੂਹਾਂ ਤਰਿਹਾਈਆਂ।

ਨਿੱਘੀ ਥਾਂ ‘ਤੇ, ਠੰਡੀਆਂ ਆਹਾਂ ਭਰਦੇ ਨੇ,
ਇੰਜ ਵੀ ਲੋਕੀ ਤਿਨਕਾ ਤਿਨਕਾ ਮਰਦੇ ਨੇ।

‘ਖ਼ੁਸ਼ ਹੋਣਾ’ ਵੀ ਔਖੀ ਬਾਜ਼ੀ ਵਰਗਾ ਹੈ,
ਅਕਸਰ ਲੋਕੀ ਏਸ ਖੇਡ ਵਿਚ ਹਰਦੇ ਨੇ।

ਸਮਾਂ ‘ਮੰਚ’ ਹੈ, ਇਹ ਕਿਧਰੇ ਵੀ ਨਾ ਜਾਵੇ,
ਜੀਵ ‘ਅਦਾਕਾਰਾਂ’ ਦੇ ਵਾਂਗ ਗੁਜ਼ਰਦੇ ਨੇ।

ਸਮਝ ਰਹੇ ਕਿ ਰੱਬ ਸਾਡੇ ਵਿਚ ਨਾ ਰਹਿੰਦਾ,
ਏਸੇ ਕਰਕੇ ਹੱਥ ਉਤਾਂਹ ਨੂੰ ਕਰਦੇ ਨੇ।

ਆਪਣੀ ਆਪਣੀ ਅਸਾਂ ਕਹਾਣੀ ਦੱਸੀ ਹੈ,
ਹੁਣ ਸਾਡੇ ਦੋਹਾਂ ਦੇ ਵਿਚ ਨਾ ਪਰਦੇ ਨੇ।

ਸਾਵਣ ਵਰ੍ਹਦੇ ਨੂੰ, ਪ੍ਰੀਤਮ! ਕੀ ਮਾਨਣਗੇ!
ਭਿੱਜਣ ਤੋਂ ਵੀ ਜਿਹੜੇ ਲੋਕੀ ਡਰਦੇ ਨੇ।

ਤਤਕਰਾ

ਨ੍ਹੇਰਾ ਹੋਇਆ,  ਅੱਖਾਂ ਵਿਚ  ਸੁਪਨਾ ਲੈ ਆਂਦਾ,
ਆਸ ਉਮੀਦ ਨੇ ਦਿੱਤਾ ਹਰ ਚਿਹਰਾ ਮੁਸਕਾਂਦਾ।

ਕੰਵਲ ਤੋਂ ਸਿੱਖਣਾ, ਖਿੜਨਾ ਤੇ ਖ਼ੁਸ਼ ਹੋ ਰਹਿਣਾ,
ਆਪਣਾ ਵਾਤਾਵਰਣ ਵੀ ਭਾਵੇਂ  ਨਹੀਂ ਸੁਖਾਂਦਾ।

ਕੁਝ ਮਾਸੂਮ-ਸਵਾਲ  ਜਦੋਂ ਵੀ  ਦਿਲ ਨੇ ਕੀਤੇ,
ਉੱਤਰ ਦੇਣ ਤੋਂ, ਮਨ  ਰਿਹਾ  ਕੰਨੀ ਕਤਰਾਂਦਾ।

ਪਹਿਲੇ ਪਿਆਰ ਦਾ ਚਿਹਰਾ ਹੈ ਸ਼ੀਸ਼ੇ ਦੇ ਅੰਦਰ,
ਆਪਣੇ ਆਪ  ਨੂੰ  ਹੀ  ਦੇਖ ਕੇ  ਜੋ ਸ਼ਰਮਾਂਦਾ।

ਨਾ ਠੀਕ ਹੋ ਕੇ ਵੀ,  ਉਹ ਗੱਲ  ਚੰਗੀ ਲੱਗਦੀ,
ਦਿਲ ਹੀ ਦਿਲ ਨੂੰ ਚੁੱਪ-ਚੁਪੀਤੇ ਜਦ ਸਮਝਾਂਦਾ।

ਆਪਣੀ ਪਰਫੁੱਲਤਾ ਦਾ  ਸੁਪਨਾ  ਧਰਤੀ  ਦੇਖੇ,
ਉਸ ਨੂੰ ਗੋਦ 'ਚ ਲੈ ਕੇ, ਅੰਬਰ ਜਦ ਗਰਮਾਂਦਾ।

ਕੋਈ ਪੜ੍ਹਾਵੇ,  ਤਾਂ ਉਹ  ਇਕ ਤਸੀਹਾ ਲੱਗਦਾ,
ਆਪ ਸਿੱਖੀਏ ਤਾਂ ਆਪਣਾ ਮਨ ਖ਼ੁਸ਼ ਹੋ ਜਾਂਦਾ।

ਭਗਵਾਂ-ਚੋਲਾ  ਇਕ  ਧਰਮੀ-ਸ਼ਖ਼ਸੀਅਤ ਦੇਵੇ,
ਵੱਖਰੀ ਹਸਤੀ ਹੈ,  ਕੋਈ ਜਦ  ਵਰਦੀ ਪਾਂਦਾ।

ਰਾਖ਼ ਦੇ ਢੇਰ 'ਚੋਂ ਸੁਣਿਆਂ, ਰੋਣਾ ਚਿੰਗਾਰੀ ਦਾ,
ਲੰਘ ਰਿਹਾ ਬੇਰਹਿਮ ਸਮਾਂ ਇੰਜ ਵੀ ਸੁਲਗਾਂਦਾ।

ਰੋਵਾਂ ਜਾਂ ਫਿਰ ਮਾਣ ਕਰਾਂ, ਬਿਖਰੀ ਖ਼ੁਸ਼ਬੋ ਦਾ,
ਇਹ ਹੀ ਸੋਚ ਸੋਚਦਾ ਹੋਇਆ ਫੁੱਲ ਮੁਰਝਾਂਦਾ।

ਸਹਿਣਸ਼ਕਤੀ ਮਿਲੀ, ਕੁਝ ਬੀਤਣ ਤੋਂ ਪਹਿਲਾਂ,
ਏਸੇ ਕਰਕੇ 'ਭਲਕ' ਦੇ ਕੋਲੋਂ  ਨਾ  ਘਬਰਾਂਦਾ।

'ਅਮਰ' ਹੋਣ ਦੀ ਇੱਛਾ ਕਿਉਂ ਹੁੰਦੀ ਕਿਸੇ ਨੂੰ!
ਦੁਨੀਆਂ ਵਾਲਾ ਇਹ ਜੀਵਨ, ਜੇਕਰ ਤੜਪਾਂਦਾ।

ਮੌਤ ਦੇ ਡਰ ਤੋਂ ਉਪਜੀ 'ਅੰਮ੍ਰਿਤਾ' ਦੀ ਇੱਛਾ,
ਇਸ  ਹਨੇਰੇ ਨੇ  ਵੀ  ਕੈਸਾ  ਰੰਗ  ਲਿਆਂਦਾ!

ਇਸ ਦੁਨੀਆਂ ਨੂੰ ਕੋਈ ਕਦੇ ਨਾ ਛੱਡਣਾ ਚਾਹਵੇ,
ਇਸ ਤੋਂ ਬਿਹਤਰ ਹੋਰ ਕਿਤੇ ਕੁਝ ਨਾ ਦਰਸਾਂਦਾ।

ਨਾ-ਜਾਇਜ਼ ਸੀ ਜਿਸ ਦੇ ਪਾਸੇ ਕਦਮ ਉਠਾਣਾ,
ਪ੍ਰੀਤਮ! ਕੁਝ ਐਸਾ ਵੀ ਸੀ ਦਿਲ ਨੂੰ ਭਰਮਾਂਦਾ।

ਤਤਕਰਾ

ਪੱਥਰਾਂ ਨੂੰ, ਬੂਟਿਆਂ ਨੂੰ, ਪਸੂਆਂ, ਪਰਿੰਦਿਆਂ ਨੂੰ
ਖ਼ਤਰਾ ਹੈ ਆਦਮੀ ਤੋਂ, ਪਹਿਲੇ ਬਾਸ਼ਿੰਦਿਆਂ ਨੂੰ।

ਬੰਦਾ ਹੀ ਬੰਦਿਆਂ ਨੂੰ ਇਕ ਦਿਨ ਫ਼ਨਾਹ ਕਰੇਗਾ,
ਕਾਬੂ 'ਚ ਕਰ ਲਿਆ ਹੈ ਇਸ ਨੇ ਦਰਿੰਦਿਆਂ ਨੂੰ।

ਜੀਵਨ-ਸੰਗੀਤ ਸੁਣੀਏਂ, ਹਵਾ ਤੋਂ, ਪਾਣੀਆਂ ਤੋਂ,
ਮੌਸਮ ਨਿਗਲ ਨਾ ਜਾਵੇ, ਇਹਨਾਂ ਸਾਜ਼ਿੰਦਿਆਂ ਨੂੰ।

ਪੱਖਾ ਹੈ ਤਾਂ ਹਵਾ ਹੈ, ਉੱਦਮ, ਤਾਂ ਲੱਛਮੀ,
ਕੋਈ ਕਮੀ ਨਹੀਂ ਹੈ, ਕੰਮ ਦੇ ਕਰਿੰਦਿਆਂ ਨੂੰ।

ਕੀਮਤ ਨਹੀਂ ਤੂੰ ਓਦੋਂ ਉਸ ਸ਼ੈਅ ਦੀ ਕਦਰ ਜਾਣੀ,
ਵੇਖੇਂ ਜਦੋਂ ਵੀ 'ਪ੍ਰੀਤਮ', ਬੇ-ਮੁੱਲ ਦਿੰਦਿਆਂ ਨੂੰ।

ਪੰਧ ਹੋ ਜਾਵੇ ਸੁਹਾਵਾ, ਦੋਸਤਾਂ ਦੇ ਵਾਸਤੇ,
ਆ! ਇਕੱਠੇ ਸਫ਼ਰ ਕਰੀਏ, ਕੁਝ ਪਲਾਂ ਦੇ ਵਾਸਤੇ।

ਜਨਮ ਤੋਂ ਲੈ ਕੇ ਮਰਨ ਹੀ, ਏਸ ਦਾ ਹਾਸਿਲ ਰਿਹਾ,
ਇਕ-ਤਰਫ਼ਾ ਹੀ ਹੈ ਇਹ ਰਸਤਾ ਅਸਾਂ ਦੇ ਵਾਸਤੇ।

ਲਗਨ ਮਿਹਨਤ ਸਿਰੜ ਤੇ ਵਿਸ਼ਵਾਸ ਦੇ ਔਜ਼ਾਰ ਲੈ,
ਪੈਦਾ ਕਰੀਏ ਨਿਅਮਤਾਂ, ਆਪਣੇ ਘਰਾਂ ਦੇ ਵਾਸਤੇ।

ਤੂੰ ਹੀ ਤੂੰ ਜਾਂ ਮੈਂ ਹੀ ਮੈਂ ਹੋਵਾਂ, ਤਾਂ ਇਨਸਾਫ਼ ਨਹੀਂ,
ਹੱਕ ਬਰਾਬਰ ਦਾ ਹੀ ਚੰਗਾ, ਦੋਹਾਂ ਧਿਰਾਂ ਦੇ ਵਾਸਤੇ।

ਠਾਕਰਦੁਆਰੇ ਮ੍ਰਿਗਤ੍ਰਿਸ਼ਨਾ ਵਾਂਗ ਰੱਬ ਦਿਸਦਾ ਰਿਹਾ,
ਪਰ ਉਹ ਓਥੇ ਹੈ ਨਹੀਂ ਸੀ, ਖੋਜੀਆਂ ਦੇ ਵਾਸਤੇ।

ਸੱਚ ਮਹਿੰਗਾ ਹੈ ਮਗਰ ਹਰ ਦੌਰ ਨੂੰ ਮਿਲਦਾ ਤਾਂ ਹੈ,
ਹੇਠੀਆਂ, ਪਾਬੰਦੀਆਂ, ਉੱਠਦੇ ਸਿਰਾਂ ਦੇ ਵਾਸਤੇ।

ਐ ਪ੍ਰੀਤਮ! ਉਹ ਜੋ ਚੁੱਕ ਲੈ ਜਾਏ ਵੱਲ ਅਕਾਸ਼ ਦੇ,
ਹੋ ਸਕੇ ਤਾਂ ਉਹ ਹਵਾ ਬਣੀਏਂ, ਪਰਾਂ ਦੇ ਵਾਸਤੇ।

ਤਤਕਰਾ

ਪਰਬਤ ਨੂੰ ਪਰ ਲਗਾਓ, ਉੱਡ ਕੇ ਜਹਾਨ ਦੇਖੇ,
ਕੀ ਹੈ ਗੁਮਾਨ! ਦੇਖੇ, ਕੀ ਹੈ ਖ਼ਤਾਨ! ਦੇਖੇ।

ਬੰਦੇ ਦੀ ਸੋਚ ਹੈ ਜੋ ਫ਼ਿਤਰਤ ਵੀ ਬਦਲ ਦੇਵੇ,
ਨਾ ਪਰਾਂ ਦੇ ਹੁੰਦਿਆਂ ਵੀ, ਜਾ ਆਸਮਾਨ ਦੇਖੇ।

ਲੱਗਾ ਕਿ ਰਾਖ਼ ਉਸਦੀ ਫਿਰ ਦਿਲ ਬਣ ਗਈ ਹੈ,
ਬੁਝਦੀ ਚਿਖ਼ਾ ਦੇ ਅੰਦਰ ਸ਼ੁਅਲੇ ਜਵਾਨ ਦੇਖੇ।

ਨੀਹਾਂ ਦੇ ਵਿਚ ਚਿਣਾਏ ਅਰਮਾਨ ਜਿਸਨੇ ਦਿਲ ਦੇ,
ਕਿਸ ਨੂੰ ਤੌਫ਼ੀਕ ਹੈ ਕਿ ਡਿੱਗਦਾ ਮਕਾਨ ਦੇਖੇ!

ਮੈਂ ਜਾਣਦਾ ਹਾਂ, ਮੌਤ ਰਹੇ ਜ਼ਿੰਦਗੀ ਦੀ ਪਿਆਸੀ,
ਹਰ ਹਾਦਸੇ ਦੇ ਪਿੱਛੇ, ਉਸ ਦੇ ਨਿਸ਼ਾਨ ਦੇਖੇ।

ਪੂਰਨ - ਤਿਆਗ ਦਾ ਜੋ ਉਪਦੇਸ਼ ਦੇ ਰਹੇ ਨੇ,
ਪ੍ਰੀਤਮ! ਇਨ੍ਹਾਂ ਦਾ ਕੋਈ, ਸਾਜ਼-ਔ-ਸਾਮਾਨ ਦੇਖੇ।

ਪਿਆਰ ਦੇ ਰਾਹ ‘ਤੇ ਦੇਖੋ ਜੀ, ਅਸੀਂ ਕਿੱਥੇ ਆਣ ਖਲੋਏ!
ਉਨ੍ਹਾਂ ਦੇ ਅੰਦਰ ਆਉਣ ਲਈ, ਪਲਕਾਂ ਦੇ ਬੂਹੇ ਢੋਏ।

ਦਿਲ ਦੀ ਪਿਆਰ-ਬਗੀਚੀ ‘ਤੇ ਜਦ ਲੱਗੀ ਔੜ ਵਸਲ ਦੀ,
ਸ਼ਬਨਮ ਬਣ ਕੇ, ਆਪ ਮੁਹਾਰੇ, ਤਿੱਪ ਤਿੱਪ ਹੰਝੂ ਚੋਏ।

ਬਿਨਾਂ ਸਿਆਣਫ਼ ਸੁਖ ਨਹੀਂ ਮਿਲਦਾ ਲੱਖ ਆਜ਼ਾਦੀ ਹੋਵੇ,
ਅਕਲਾਂ ਦੇ ਹੌਲੇ ਨੇ ਜਿਹੜੇ, ਬੱਦਲਾਂ ਵਾਂਗੂੰ ਰੋਏ।

ਮਜ਼ਲੂਮਾਂ ਦੀ ਚੀਕ ਨੂੰ, ਜਿਹੜੇ ਗੀਤ ਸਮਝ ਕੇ ਸੁਣਦੇ,
ਇਨਸਾਨਾਂ ਦੀ ਪੱਧਰ ‘ਤੇ, ਉਹ ਨਾ ਜੀਂਦੇ ਨਾ ਮੋਏ।

ਨਵੀਂ ਰੁੱਤ ਦੇ ਮੇਲੇ ‘ਤੇ, ਇਹਨੂੰ ਕੱਪੜੇ ਨਵੇਂ ਪੁਆਓ!
ਰਸਮਾਂ ਦੇ ਪਾਟੇ ਚੋਲੇ ‘ਚੋਂ, ਇਹ ਤਨ ਨੰਗਾ ਹੋਏ।

ਬਹੁਤੀ ਸ਼ੁਹਰਤ, ਦੌਲਤ ਦਾ ਵੀ, ਤਨ ਨਹੀਂ ਸਾਥ ਨਿਭਾਉਂਦਾ,
ਤਾਜ-ਮਹੱਲਾਂ ਦੇ ਥੱਲੇ ਵੀ, ਖਾਲੀ ਨੇ ਅੱਜ ਟੋਏ।

ਓ ਟਟਹਿਣੇ! ‘ਪ੍ਰੀਤ’ ਦੇ ਘਰ ਦੀ, ਤੂੰ ਸ਼ੋਭਾ ਕਿੰਜ ਬਣਦਾ?
ਉਸ ਜੀਵਨ ਦਾ ਕਾਹਦਾ ਹੋਣਾ! ਅੱਗ ਨਾ ਜਿਸ ਦੀ ਲੋਏ।

ਤਤਕਰਾ

ਪੁਲ ‘ਤੇ ਬੈਠਾ ਵਗਦਾ ਪਾਣੀ ਦੇਖ ਰਿਹਾ ਹਾਂ,
ਇਸ ਦੁਨੀਆਂ ਦੀ ਆਣੀ ਜਾਣੀ ਦੇਖ ਰਿਹਾ ਹਾਂ।

ਏਸ ਜਗਹ ‘ਤੇ ਭਾਵੇਂ ਪਹਿਲੀ ਵਾਰੀ ਆਇਆਂ,
ਫਿਰ ਵੀ ਮੈਂ ਕੋਈ ਸਾਂਝ ਪੁਰਾਣੀ ਦੇਖ ਰਿਹਾ ਹਾਂ।

ਉਸ ਅਧਖੜ ਦਾ ਜੀਵਨ ਜਿਸ ਦੇ ਵਿਚ ਬੱਝਾ ਹੈ,
ਉਹ ਚਾਦਰ ਹੁਣ ਅੱਧੋਰਾਣੀ ਦੇਖ ਰਿਹਾ ਹਾਂ।

ਜੋ ਕਬੀਲਾ-ਵਾਦ ਲਈ ਨੇ ਲੜਦੇ ਮਰਦੇ,
ਐਸੇ ਸਿਰ-ਫਿਰਿਆਂ ਦੀ ਢਾਣੀ ਦੇਖ ਰਿਹਾ ਹਾਂ।

ਇਕ ਸ਼ਿਕਾਰ ਤੇ ਇਕ ਸ਼ਿਕਾਰੀ ਵੱਖਰੇ ਭਾਵੇਂ,
ਮੈਂ ਦੋਹਾਂ ਦੀ ਇਕ ਕਹਾਣੀ ਦੇਖ ਰਿਹਾ ਹਾਂ।

ਫਿਰ ਘਨੇੜੀ ਚਾੜ੍ਹ ਕੇ, ਜਜ਼ਬਾਤ ਕਿਧਰੇ ਲੈ ਗਏ,
ਜ਼ਿੰਦਗੀ ਨੂੰ ਜੋ ਮਿਲੇ, ਸਦਮਾਤ ਕਿਧਰੇ ਲੈ ਗਏ।

ਬੇ-ਖ਼ਿਆਲੀ ਵਿਚ ਕਿੰਨੇ ਫ਼ਾਸਲੇ ਤਹਿ ਹੋ ਗਏ,
ਬੇ-ਇਰਾਦਾ ਹੀ, ਮੇਰੇ ਹਾਲਾਤ ਕਿਧਰੇ ਲੈ ਗਏ।

ਬੱਦਲ, ਕਿਹੜੀ ਖਿੱਚ ਦੇ ਖਿੱਚੇ ਤੁਰੇ ਜਾਂਦੇ ਰਹੇ?
ਮਾਰੂਥਲ ਤੋਂ ਲੰਘ ਕੇ, ਬਰਸਾਤ ਕਿਧਰੇ ਲੈ ਗਏ।

ਦਰਦ-ਭਿੰਨੀ ਰਾਗਣੀ ‘ਚ, ਓਸ ਨੇ ਜੋ ਛੂਹ ਲਏ,
ਸੁਣਦਿਆਂ ਹੀ, ਮੈਨੂੰ ਉਹ ਨਗ਼ਮਾਤ ਕਿਧਰੇ ਲੈ ਗਏ।

ਨੀਂਦ ਤੋਂ ਪਹਿਲਾਂ, ਉਣੀਂਦੇ ਕੁਝ ਪਲਾਂ ਦੀ ਗੋਦ ‘ਚੋਂ,
ਸਭ ਨੂੰ ਆਪਣੇ ਆਪਣੇ, ਖ਼੍ਵਾਬਾਤ ਕਿਧਰੇ ਲੈ ਗਏ।

ਰੁੱਖ ਨੂੰ ਸਿੱਟ ਕੇ, ਇਕੱਲਾ ਰੁੱਖ ਹੀ ਨਹੀਂ ਮਾਰਿਆ,
ਤੇਜ਼-ਝੱਖੜ, ਉਸਦੀ ਹਰ ਸੌਗਾਤ ਕਿਧਰੇ ਲੈ ਗਏ।

ਮੋੜ ਨਾ ਸਕੀਆਂ ਕਦੀ ਸਦੀਆਂ ਪ੍ਰੀਤਮ! ਓਸ ਨੂੰ,
ਜਿਸ ਖ਼ੁਸ਼ੀ ਨੂੰ, ਅਣ-ਚਾਹੇ ਲਮਹਾਤ ਕਿਧਰੇ ਲੈ ਗਏ।

ਤਤਕਰਾ

ਫੁੱਲਾਂ ਦੀ ਭਰੀ ਡਾਲ਼ੀ ਕਦ ਪਤਝੜਾਂ ਦਿਖਾਲ਼ੀ,
ਹਰ ਮੱਸਿਆ ਦੀ ਰਾਤੇ ਹੁੰਦੀ ਨਹੀਂ ਦੀਵਾਲ਼ੀ।

ਜਦ ਸਾਧਨਾ ਦੇ ਰੁੱਖ ’ਤੇ ਮੁਕਤੀ ਦਾ ਬੂਰ ਆਇਆ,
ਜੀਵਨ ਦੀ ਆਰਜ਼ੂ ਨੇ, ਝੰਬੀ ਹਰੇਕ ਡਾਲ਼ੀ।

ਮੁਕਤੀ ਕਿਵੇਂ ਦਿਵਾਉਂਦੇ, ਬੰਧਨ ’ਚ ਪਾਉਣ ਵਾਲੇ,
ਧਰਮਾਂ ਦੀ ਕੈਦ ਅੰਦਰ, ਕਈਆਂ ਨੇ ਉਮਰ ਗਾਲ਼ੀ।

ਉਸ ਬਾਗ ਦੀ ਕਲੀ ਨੇ ਕਦ ਤਾਈਂ ਟਹਿਕਣਾ ਹੈ।
ਹੈ ਤਾਂ ਬਹਾਰ ਐਪਰ, ਗੁਲਚੀਂ ਹੈ ਜਿਸ ਦਾ ਮਾਲੀ।

ਲੰਘਦੇ ਨੂੰ ਰੋਕਿਆ ਨਾ ਡਿੱਗੇ ਨੂੰ ਕੋਸਿਆ ਨਾ,
ਸ਼ਮ੍ਹਾਂ ਨੇ ਚੁੱਪ ਰਹਿ ਕੇ, ਏਦਾਂ ਵੀ ਜਿੰਦ ਬਾਲ਼ੀ।

ਆਪਣੇ ਲਈ ਹੀ ਉਸ ਤੋਂ ਕੋਈ ਵਫ਼ਾ ਨਾ ਭਾਲੀਂ,
ਸਭ ਦਾ ਹੀ ਹੋਵੰਦਾ ਹੈ ‘ਪ੍ਰੀਤਮ’ ਜਿਹਾ ਮਵਾਲੀ।

ਬਸ ਜ਼ਖ਼ਮ ਹੀ ਨਾ ਹੁੰਦੇ, ਤਨ ਮਨ ਦੇ ਜਰਨ ਲਈ,
ਜਜ਼ਬਾਤ ਵੀ ਹੁੰਦੇ ਨੇ, ਹਟਕੋਰੇ ਭਰਨ ਲਈ।

ਬੇ-ਖ਼ੁਦੀ ਜਦੋਂ ਵਧ ਕੇ ਅਸਮਾਨ ਗਿਰਾ ਦੇਵੇ,
ਫਿਰ ਸੂਝ ਨਹੀਂ ਪੈਂਦੀ, ਜੀਵਣ ਜਾਂ ਮਰਨ ਲਈ।

ਔਹ ਦੇਖ! ਪਰੇ, ਓਧਰ, ਸੂਰਜ ਡੁੱਬ ਚੱਲਿਆ ਹੈ,
ਹੁਣ ਹੋਰ ਕਿਸੇ ਨ੍ਹੇਰੇ, ਅੰਬਰ ਨੂੰ ਤਰਨ ਲਈ।

ਆਵਾਜ਼ ਹੈ ਜੋ ਆਈ, ਜਾਣੀ ਪਹਿਚਾਣੀ ਹੈ,
ਜੰਗਲ ਹੈ ਤਾਂ ਕੀ ਹੋਇਆ! ਕੀ ਲੋੜ ਹੈ ਡਰਨ ਲਈ?

ਪ੍ਰੀਤਮ! ਤੂੰ ਕੀ ਜਾਣੇ!! ਇਕਰਾਰ ਵਫ਼ਾਵਾਂ ਦੇ,
ਟੁੱਟ ਜਾਣ, ਤਾਂ ਕਾਫ਼ੀ ਨੇ ਮਨ ਪਾਗਲ ਕਰਨ ਲਈ।

ਤਤਕਰਾ

ਬਦਲਦੇ ਮੌਸਮ ਦੇ ਸਾਏ, ਇਹ ਰਮਜ਼ ਸਮਝਾ ਰਹੇ,
ਫਿਰ ਕਿਸੇ ਵਹਿਸ਼ਤ ਦੇ ਖਰ੍ਹਵੇ ਹੱਥ ਵਧਦੇ ਆ ਰਹੇ।

ਸੁਰ ਸੁਰੀਲੇ ਵਾਲੀਏ ਕੋਇਲੇ! ਦਰਦ ਦਾ ਕੀ ਕਰਾਂ?
ਏਥੇ ਕਾਂ ਦੇ ਬੋਲ ਜਦ ਸ਼ੁਭ ਸ਼ਗਨ ਮੰਨੇ ਜਾ ਰਹੇ।

ਤੇਰੀ ਬੇਇਨਸਾਫ਼ੀ 'ਤੇ ਇਹ ਗਿਲਾ ਹੈ, ਐ ਖ਼ੁਦਾ!
ਤੂੰ ਤੇ ਹਰ ਥਾਂ 'ਤੇ ਰਵ੍ਹੇਂ ਪਰ ਮੇਰੇ ਲਈ ਘੇਰਾ ਰਹੇ।

ਉਹ ਹੁਕਮਰਾਂ ਚਾਹੀਦਾ ਹੈ ਖ਼ੁਸ਼ਹਾਲੀ ਦੇ ਵਾਸਤੇ,
ਮਹਿੰਦੀ ਬੀਜਣ ਵਾਸਤੇ ਕਹਿੰਦਾ ਰਹੇ, ਕਹਿੰਦਾ ਰਹੇ।

ਸ਼ਾਮ ਤੋਂ ਹੀ ਓਸ ਸੁਬਹ 'ਤੇ ਉਡੀਕਾਂ ਵਾਰੀਆਂ,
ਜਿਸਦੀ ਝੋਲੀ ਵਿਚ ਹਮੇਸ਼ਾ ਸ਼ਾਮ ਦਾ ਸਾਇਆ ਰਹੇ।

ਰੌਸ਼ਨੀ ਦੇ ਨਾਲ ਮੈਨੂੰ ਲੋੜ 'ਪ੍ਰੀਤਮ'! ਨਿੱਘ ਦੀ,
ਕੀ ਕਰਾਂ ਜੇ ਲੱਖ ਜੁਗਨੂੰ ਰਾਤ ਨੂੰ ਚਮਕਾ ਰਹੇ!

ਬੱਦਲੀਆਂ ਉੱਠ ਕੇ, ਘਟਾ ਬਣ ਵਰ੍ਹਨੀਆਂ,
ਜਜ਼ਬਿਆਂ ਨੇ ਇਹ ਸਜ਼ਾਵਾਂ ਜਰਨੀਆਂ।

ਜ਼ਿੰਦਗੀਆਂ ਦੇ ਆਸੇ ਪਾਸੇ ਭੀੜ ਹੈ,
ਮੇਲੇ ਦੇ ਵਿਚ ਆਈਆਂ ਬਾਜ਼ੀਗਰਨੀਆਂ।

ਜ਼ਿੰਦਗੀ ਦੀ ਕਸ਼ਮਕਸ਼ ਵਿਚ, ਦੋਸਤੋ!
ਬਾਜ਼ੀਆਂ ਕੁਝ ਜਿੱਤਣੀਆਂ ਕੁਝ ਹਰਨੀਆਂ।

ਜੱਗ-ਬੀਤੀ ਦੱਸ ਕੇ ਨਾ ਉਪਦੇਸ਼ ਦੇ,
ਹੱਡ-ਬੀਤੀ ਦੱਸ ਜੇ ਗੱਲਾਂ ਕਰਨੀਆਂ।

ਤਿਆਗ ਦਾ ਖੰਜਰ, ਚਲਾਵਣ ਵਾਲਿਓ!
ਛੇਤੀ ਕੀਤੇ ਹਸਰਤਾਂ ਨਹੀਂ ਮਰਨੀਆਂ।

ਹਸਰਤਾਂ, 'ਪ੍ਰੀਤਮ'! ਨੇ ਅੰਬਰ ਵਰਗੀਆਂ,
ਸਭ ਸਿਤਾਰੇ ਪਾ ਕੇ ਵੀ ਨਾ ਭਰਨੀਆਂ।

ਤਤਕਰਾ

ਬੁੱਤਘਾੜਾ ਸਖ਼ਤ ਮਿਹਨਤ ਦੀ ਸਜ਼ਾ ਸਹਿੰਦਾ ਰਿਹਾ,
ਦੇਵਤਾ ਬਣ ਕੇ ਵੀ ਪੱਥਰ, ਪੱਥਰ ਹੀ ਰਹਿੰਦਾ ਰਿਹਾ।

ਮੁਸ਼ਕਿਲਾਂ ਵਿਚ ਦੋਸਤੀ ਦਾ ਭਰਮ ਸਾਬਤ ਨਾ ਰਿਹਾ,
ਛੱਲ ਆਈ 'ਤੇ ਜਿਵੇਂ ਰੇਤਾ ਦਾ ਘਰ ਢਹਿੰਦਾ ਰਿਹਾ।

ਜ਼ਿੰਦਗੀ ਦੇ ਲੈਣੇ-ਦੇਣੇ ਵਿਚ ਹੀ ਉਮਰਾਂ ਬੀਤੀਆਂ,
ਇਕ ਤਰ੍ਹਾਂ ਦਾ ਕਰਜ਼ ਸੀ ਚੜ੍ਹਦਾ ਰਿਹਾ ਲਹਿੰਦਾ ਰਿਹਾ।

ਅਣਪਛਾਤੇ ਖ਼ਤਰਿਆਂ ਵਿਚ ਛੁਪ ਰਹੇ ਸਨ ਸੁਖ ਇਹਦੇ,
ਫੇਰ ਵੀ ਇਹ ਆਦਮੀ, ਟਿਕ ਕੇ ਨਹੀਂ ਬਹਿੰਦਾ ਰਿਹਾ।

ਕੀ ਦੱਸਾਂ! ਕਿ ਕੀ ਸਹੀ ਹਾਲਤ ਹੈ ਏਸ ਸਮਾਜ ਦੀ,
ਜਿਸ ਨੂੰ ਵੀ ਪੁੱਛਿਆ ਜਦੋਂ "ਠੀਕ ਹਾਂ" ਕਹਿੰਦਾ ਰਿਹਾ।

ਪੱਥਰ ਤਾਂ ਬਣ ਦੇਵਤਾ, ਮੰਦਰ ਦੀ ਸੋਭਾ ਬਣ ਗਿਆ,
ਬੁੱਤਘਾੜਾ ਸਖ਼ਤ ਮਿਹਨਤ ਦੀ ਸਜ਼ਾ ਸਹਿੰਦਾ ਰਿਹਾ।

ਡਰ ਰਿਹਾ ਹਾਂ ਵਿਗੜਦੇ-ਅਨੁਪਾਤ ਪ੍ਰੀਤਮ! ਦੇਖ ਕੇ,
ਕਹਿਰ ਛਾ ਜਾਵੇ ਨਾ ਕਿਧਰੇ, ਖ਼ੂਨ ਜੇ ਵਹਿੰਦਾ ਰਿਹਾ।

ਬੇਬਸੀ ਆਪਣੀ, ਕਦੀ ਇੰਜ ਵੀ ਛੁਪਾ ਲੈਂਦਾ ਹਾਂ ਮੈਂ,
ਘਰ ਨੂੰ ਥੁਹੜਾ ਹੋਰ ਵੀ ਸੁਹਣਾ ਬਣਾ ਲੈਂਦਾ ਹਾਂ ਮੈਂ।

ਘਰ ਦੀਆਂ ਕੰਧਾਂ ਜਦੋਂ ਵੀ ਹੋਰ ਖ਼ਸਤਾ ਹੁੰਦੀਆਂ,
ਪਰਦਿਆਂ ਦੇ ਉੱਤੇ ਪਰਦੇ ਹੋਰ ਪਾ ਲੈਂਦਾ ਹਾਂ ਮੈਂ।

ਫੁੱਲ ਜਦ ਤੋੜਾਂ, ਤਾਂ ਕੰਡੇ ਚੁੱਭ ਕੇ, ਇਹ ਪੁੱਛਦੇ,
ਰੋਜ਼ ਕਿਸ ਦੇ ਵਾਸਤੇ, ਘਰ ਨੂੰ ਸਜਾ ਲੈਂਦਾ ਹਾਂ ਮੈਂ?

ਦੇਖਣਾ! ਇਹ ਸੋਚ-ਉਡਾਰੀ ਤਾਂ ਮੇਰੀ ਦੇਖਣਾ!!
ਪਤਝੜਾਂ ਦੇ ਵਿਚ ਵੀ, ਗੁਲਸ਼ਨ ਖਿਲਾ ਲੈਂਦਾ ਹਾਂ ਮੈਂ।

ਜਦ ਵੀ ਕੋਈ ਪਿਆਰ ਦੇ ਦੋ ਬੋਲ ਹੱਸ ਕੇ ਬੋਲਿਆ,
ਇਕ ਨਵੇਂ ਅਹਿਸਾਸ ਵਿਚ, ਹੰਝੂ ਵਹਾ ਲੈਂਦਾ ਹਾਂ ਮੈਂ।

ਗੋਲ-ਗੱਲ ਕਰਕੇ, ਜਦੋਂ ਇਲਜ਼ਾਮ ਕੋਈ ਟਾਲਦੈ,
ਜਾਣਦੇ ਹੁੰਦਿਆਂ ਹੋਇਆਂ ਖ਼ੁਦ ਨੂੰ ਗਵਾ ਲੈਂਦਾ ਹਾਂ ਮੈਂ।

ਜਾਣਦਾ ਹਾਂ ਕਿ ਪ੍ਰੀਤਮ! ਫੁੱਟ ਕੇ ਰਹਿਣਾ ਹੈ ਇਹ,
ਲਾਵਾ ਜਿਹੜਾ ਦਿਲ ਦੇ ਅੰਦਰ ਹੀ ਦਬਾ ਲੈਂਦਾ ਹਾਂ ਮੈਂ।

ਤਤਕਰਾ

ਭਟਕਦੀ ਤੇ ਵਿਲਕਦੀ ਰੂਹ ਕੋਲ ਤੇਰੀ ਯਾਦ ਹੈ,
ਸੱਧਰਾਂ ਦੀ ਜ਼ਿੰਦਗੀ ਅਜੇ ਤਾਈਂ ਨਾਸ਼ਾਦ ਹੈ।

ਸੁਫ਼ਨਿਆਂ ਦੀ ਉਮਰ ਏਨੀ, ਇਹਦੀ ਸੀਮਾਂ ਹੀ ਨਹੀਂ,
ਉਮਰ ਦੇ ਸੁਫ਼ਨੇ ਦਾ ਜੀਵਨ, ਅਜ਼ਲ ਤੋਂ ਬਰਬਾਦ ਹੈ।

ਵਸਲ ਦੇ ਰਾਹੀਂ ਤੂਫ਼ਾਨਾਂ ਅੱਤ ਚਾਈ ਏ ਬੜੀ,
ਤੇਰੇ 'ਮਿਲਣੇ ਦਾ ਇਰਾਦਾ' ਹੀ ਮੇਰੀ ਇਮਦਾਦ ਹੈ।

ਕੌਣ ਸੀ! ਜਿਸ ਨੇ ਖ਼ਿਆਲਾਂ ਦਾ ਸੀ ਪਿੰਜਰਾ ਖੋਲ੍ਹਿਆ,
ਭਾਲ਼ਦਾ ਤੇ ਕੋਸਦਾ ਉਹਨੂੰ, ਇਹ ਦਿਲ-ਸੱਯਾਦ ਹੈ।

ਖ਼ਾਨਾ-ਆਬਾਦੀ ਨੂੰ ਹੀ ਖ਼ੁਸ਼ੀਆਂ ਨਾ ਕਹਿ ਦੇਵੇ ਕੋਈ,
ਕੋਈ ਕਿਸਮਤ ਦਾ ਧਨੀ ਹੀ ਇਸ ਤਰ੍ਹਾਂ ਆਬਾਦ ਹੈ।

ਪ੍ਰੀਤ-ਮੰਦਰ ਨੂੰ ਇਹ ਸਮਿਆਂ ਦੇ ਤੂਫ਼ਾਂ ਨਾ ਢਾ ਸਕੇ,
ਕੀ ਪਤੈ! ਕਿਹੜੇ ਪਤਾਲੀਂ! ਏਸ ਦੀ ਬੁਨਿਆਦ ਹੈ।

ਭਰੋਸਾ, ਜੇ ਕਿਸੇ ਤੇ ਨਹੀਂ ਤਾਂ ਉਸਦੀ ਦੋਸਤੀ ਕਾਹਦੀ ?
ਆਪਣੇ ਆਪ ਤੇ ਵਿਸ਼ਵਾਸ ਨਹੀਂ ਤਾਂ ਜ਼ਿੰਦਗੀ ਕਾਹਦੀ ?

ਸੱਜਣ ਨੇ ਤਾਂ ਕੀ ਹੋਇਆ! ਉਲਾਂਭਾ ਕਿਉਂ ਨਹੀਂ ਦੇਣਾ ?
ਕਿ ਆਪਣਾ ਹੱਕ ਮੰਗਣ ਦੇ ਲਈ ਸ਼ਰਮਿੰਦਗੀ ਕਾਹਦੀ ?

ਮੈਂ, 'ਭਾਈਆਂ' ਦੇ ਸਤਾਏ ਨਾਸਤਕ ਨੂੰ ਆਖਦੇ ਸੁਣਿਆਂ,
ਜੋ ਧਰਮਾਂ ਤੋਂ ਉਤਾਂਹ ਨਾ ਲੈ ਜਾਵੇ ਉਹ ਬੰਦਗੀ ਕਾਹਦੀ ?

ਖ਼ੁਦਾ ਜੇ ਹਰ ਜਗਹ ਹੁੰਦਾ ਤਾਂ ਦੁਨੀਆਂ ਕਿਉਂ ਦੁਖੀ ਹੁੰਦੀ?
ਮਿਟਾ ਸਕਦੀ ਨਹੀਂ ਜੋ ਨ੍ਹੇਰ ਨੂੰ, ਉਹ ਰੌਸ਼ਨੀ ਕਾਹਦੀ ?

ਉਹ, ਜਿਹੜਾ ਸੱਤ ਰੰਗਾਂ ਨੂੰ ਵੀ, ਇੱਕੋ ਰੰਗ ਕਹਿੰਦਾ ਹੈ,
ਜੇ ਹੈ ਉਹ ਸਾਉਣ ਦਾ ਅੰਨ੍ਹਾਂ ਤਾਂ ਨਾਰਾਜ਼ਗੀ ਕਾਹਦੀ?

ਆਦਮ-ਜ਼ਾਤ ਪਸ਼ੂਆਂ ਵਾਂਗ ਹੀ ਜੰਮਦੀ ਤੇ ਮਰਦੀ ਹੈ,
ਜੇਕਰ ਵਰਤਾਓ ਨਹੀਂ ਚੰਗਾ ਤਾਂ ਹੈਰਾਨਗੀ ਕਾਹਦੀ ?

ਲੀਹਾਂ ਤੋਂ ਪਰੇ ਵੀ ਘੇਰਿਆਂ ਲਈ ਥਾਂ ਬੜੀ ਖਾਲੀ,
ਨਵਾਂ ਕੇਂਦਰ ਬਣਾਵੇ ਨਾ ਤਾਂ ਉਹ ਆਵਾਰਗੀ ਕਾਹਦੀ ?

ਮਰੇ ਹੋਇਆਂ ਨੂੰ, ਦੁੱਖ ਨਾ ਸੁਖ ਕਦੇ ਮਹਿਸੂਸ ਹੁੰਦੇ ਨੇ,
ਗ਼ਮਾਂ ਦੇ ਦੌਰ ਵਿਚ 'ਪ੍ਰੀਤਮ' ਖ਼ੁਸ਼ੀ ਲਈ ਖ਼ੁਦਕਸ਼ੀ ਕਾਹਦੀ ?

ਤਤਕਰਾ

ਭੁੱਲਿਆਂ ਭਟਕਿਆਂ ਅੱਗੇ, ਚੌਰਾਹਿਆਂ ਬਾਤ ਪਾਈ ਹੈ।
ਕੋਈ ਤਾਂ ਸੇਧ ਦੇ ਦੇਵੇ, ਕੁਰਾਹਿਆਂ ਬਾਤ ਪਾਈ ਹੈ।

ਆਪਣੀ ਹੋਂਦ, ਮਿਟਦੀ ਜਾ ਰਹੀ ਦਾ ਵਾਸਤਾ ਪਾ ਕੇ,
ਇਕੱਠਿਆਂ ਤੁਰਦਿਆਂ ਅੱਗੇ, ਦੋਰਾਹਿਆਂ ਬਾਤ ਪਾਈ ਹੈ।

ਕੋਈ ਵੀ ਨਜ਼ਰ ਨਹੀਂ ਆਇਆ, ਇਹ ਗੋਲੀ ਕਿਸ ਚਲਾਈ ਹੈ?
ਪਿੰਡ ਦੀ ਸੁੰਨ ਵਿਚ, ਗਲੀਆਂ ਪਵਾਹਿਆਂ ਬਾਤ ਪਾਈ ਹੈ।

'ਮਾਰਨ ਵਾਲਿਓ! ਕਿਹੜਾ ਧਰਮ ? ਤੇ ਉਸ ਦੇ ਕੀ ਗੁਣ ਨੇ?'
ਧਰਮ ਦੇ ਨਾਮ 'ਤੇ, ਗੱਡੀ 'ਚੋਂ ਲਾਹਿਆਂ ਬਾਤ ਪਾਈ ਹੈ।

ਜਿਨ੍ਹਾਂ ਫਾਂਸੀ ਦੇ ਰੱਸਿਆਂ ਤੋਂ ਬੁਣੇ, ਸੁਹਾਵਣੇ ਸੁਪਨੇ,
ਅਸਾਡੀ ਦੁਰਦਸ਼ਾ ਤੱਕ ਕੇ, ਜੁਲਾਹਿਆਂ ਬਾਤ ਪਾਈ ਹੈ।

ਜੀਵਨ ਦਾ ਭਰੋਸਾ ਕੀ? ਭਲਕ ਆਵੇ ਜਾਂ ਨਾ ਆਵੇ,
ਅਕਸਰ ਇੰਜ ਕਹਿ ਕੇ, ਬੇਵਿਸਾਹਿਆਂ ਬਾਤ ਪਾਈ ਹੈ।

ਮਾਣ, ਹਰ ਇਕ ਨੂੰ ਜਵਾਨੀ 'ਤੇ ਬੜਾ ਹੁੰਦਾ ਹੈ,
ਫੁੱਲ ਖਿੜਦੇ ਨੇ, ਤਾਂ ਫੁੱਲਾਂ 'ਚ ਨਸ਼ਾ ਹੁੰਦਾ ਹੈ।

ਸਮੇਂ ਦੀ ਚਾਲ ਨੇ ਮੱਸਿਆ ਹਨੇਰੀ ਰੱਖੀ,
ਚੰਦ ਨੂੰ ਦੋਸ਼ ਨਾ ਦੇ, ਉਹ ਤੇ ਸਦਾ ਹੁੰਦਾ ਹੈ।

ਆਪਣੀ ਅਨਮੋਲ ਤਹਿਜ਼ੀਬ ਦੀ ਦੌਲਤ ਲੈ ਕੇ,
ਜੋ ਵੀ ਤੁਰਦਾ ਹੈ ਉਹਨੂੰ ਅਕਸਰ ਨਫ਼ਾ ਹੁੰਦਾ ਹੈ।

ਆਪਣੀ ਕਮੀ ਦਾ ਅਹਿਸਾਸ ਜਦੋਂ ਹੋਵੇ,
ਤਾਂ ਕੋਈ ਖ਼ਵਾਬ ਨਿਗਾਹਾਂ 'ਚ ਵਸਾ ਹੁੰਦਾ ਹੈ।

ਏਸ ਧਰਤੀ ਜਿਹਾ ਅਮੀਰ, ਨਾ ਕੋਈ ਪ੍ਰੀਤਮ!
ਇਹ ਜੋ ਅੰਬਰ ਹੈ, ਇਹ ਤੇ ਖ਼ਲਾਅ ਹੁੰਦਾ ਹੈ।

ਮਿਲ਼ਦੀ ਰਹੀ ਕਿਸੇ ਦੀ ਮੁਹੱਬਤ ਕਦੀ ਕਦੀ,
ਹੁੰਦੀ ਰਹੀ ਨਸੀਬ 'ਚ ਜੰਨਤ ਕਦੀ ਕਦੀ।

ਉਂਜ ਕਹਿਣ ਨੂੰ ਤਾਂ ਹੁਣ ਤਕ ਸਿਆਣੇ ਹੋ ਗਏ,
ਕਰਦਾ ਹੈ ਦਿਲ ਅਜੇ ਵੀ ਸ਼ਰਾਰਤ ਕਦੀ ਕਦੀ।

ਹੋਏ ਹਜ਼ਾਰ ਰਾਂਝੇ ਤੇ ਹੀਰਾਂ, ਹਕੀਕਤਨ,
ਅਫ਼ਸਾਨਾ ਬਣ ਸਕੀ ਏ ਹਕੀਕਤ ਕਦੀ ਕਦੀ।

ਕੁਝ ਹੋਰ ਵੀ ਸਹਾਰਾ ਹੱਥਾਂ 'ਚ ਰੱਖ ਤੂੰ,
ਕਹਿੰਦੇ ਨੇ ਸਾਥ ਦਿੰਦੀ, ਕਿਸਮਤ ਕਦੀ ਕਦੀ।

ਜਵਾਨੀ ਦੇ ਜੋਸ਼ ਵੇਲ਼ੇ ਕੀਤੀ ਜੋ ਅਨਸੁਣੀ,
ਯਾਦ ਆਏਗੀ ਕਿਸੇ ਦੀ ਨਸੀਹਤ ਕਦੀ ਕਦੀ।

ਤਤਕਰਾ

ਮੁਸ਼ਕਿਲ ਬੜਾ ਹੈ ਲਾਉਣਾ ਅਨੁਮਾਨ ਜ਼ਿੰਦਗੀ ਦਾ,
ਪਲ ਵਿਚ ਹਾਲਾਤ ਬਦਲੇ, ਤੂਫ਼ਾਨ ਜ਼ਿੰਦਗੀ ਦਾ।

ਕੁਝ ਵਾਕਿਆਤ ਐਸੇ ਜੋ ਹਾਦਸੇ ਨਾ ਲੱਗਦੇ,
ਫਿਰ ਭੀ ਬੜਾ ਨੇ ਕਰਦੇ ਨੁਕਸਾਨ ਜ਼ਿੰਦਗੀ ਦਾ।

ਧਰਤੀ ਦੀ, ਕੁੱਖ ਇਕ ਦਿਨ ਬੇਸ਼ੱਕ ਫ਼ਨਾਹ ਹੋਵੇ,
ਪਰ ਇਸ ਦੇ ਸਿਰ ਰਹੇਗਾ ਅਹਿਸਾਨ ਜ਼ਿੰਦਗੀ ਦਾ।

ਜੇਕਰ ਕੋਈ ਸਿਤਾਰਾ, ਆ ਕੇ ਖ਼ੈਰਾਤ ਮੰਗੇ,
ਝੋਲੀ 'ਚ ਉਸਦੀ ਪਾਉਣਾ ਵਰਦਾਨ ਜ਼ਿੰਦਗੀ ਦਾ।

ਫ਼ੈਲਾਅ ਲਏ ਅਡੰਬਰ ਭਾਵੇਂ ਪੁਲਾੜ ਤਾਈਂ,
ਪਰ ਕੁਝ ਵੀ ਤਾਂ ਨਹੀਂ ਹੈ, ਸਾਮਾਨ ਜ਼ਿੰਦਗੀ ਦਾ।

ਅੱਗਾਂ ਤੇ ਪਾਣੀਆਂ ਦੇ ਹੁੰਦੇ ਸੁਮੇਲ ਵਿਚੋਂ,
ਉੱਠਦੇ ਧੂੰਏਂ ਨੂੰ ਦਿੱਤਾ ਅਨਵਾਨ ਜ਼ਿੰਦਗੀ ਦਾ।

ਤਨ-ਮਨ ਅਰੋਗ ਹੋਵੇ ਤੇ ਕਦੇ ਨਾ ਮੌਤ ਆਵੇ,
ਇਹ ਰਿਹਾ ਹੈ ਤੇ ਰਹੇਗਾ, ਅਰਮਾਨ ਜ਼ਿੰਦਗੀ ਦਾ।

ਕਿ ਜ਼ਿੰਦਗੀ ਹੀ ਆਪਣੇ ਸਾਹਾਂ ਦੀ ਭੀਖ ਮੰਗੇ,
ਏਨਾ ਵੀ ਤੇ ਨਾ ਕਰਨਾ, ਅਪਮਾਨ ਜ਼ਿੰਦਗੀ ਦਾ।

ਹਰ ਜ਼ਿੰਦਗੀ ਨੂੰ ਕਹਿ ਦੇ, ਉਹ ਜ਼ਿੰਦਗੀ ਸੁਵਾਰੇ,
'ਪ੍ਰੀਤਮ'! ਸਦਾ ਹੀ ਕਰਨਾ ਸਨਮਾਨ ਜ਼ਿੰਦਗੀ ਦਾ।

ਮੁਹੱਬਤਾਂ ਦੀ ਯਾਦ ਆਈ, ਮਲਾਮਤਾਂ ਦੀ ਯਾਦ ਆਈ।
ਸੁਪਨਿਆਂ ਦੀ ਯਾਦ ਅੰਦਰ, ਹਕੀਕਤਾਂ ਦੀ ਯਾਦ ਆਈ।

ਜ਼ਿੰਦਗੀ ਦੇ ਸਫ਼ਰ ਅੰਦਰ, ਧੁੱਪ ਹੈ ਸੀ, ਛਾਂ ਵੀ ਹੈ ਸੀ,
ਮੁਸੀਬਤਾਂ ਦੀ ਯਾਦ ਆਈ, ਗ਼ਨੀਮਤਾਂ ਦੀ ਯਾਦ ਆਈ।

ਪ੍ਰੀਤ-ਮੰਦਰ ਵੱਲ ਤੁਰੇ ਸੀ, ਜਾ ਕੇ ਪਹੁੰਚੇ ਦੁਕਾਨ ਅੰਦਰ,
ਪਰ ਖਾਲੀ ਹੀ ਮੁੜਨ ਦੀਆਂ, ਕੀਮਤਾਂ ਦੀ ਯਾਦ ਆਈ।

ਜਨੂੰਨ ਬਣੀਆਂ ਹਸਰਤਾਂ ਦਾ, ਐਸਾ ਇਕ ਤੂਫ਼ਾਨ ਆਇਆ,
ਜ਼ੁੱਰਤਾਂ ਦੀ, ਹਿੰਮਤਾਂ ਦੀ, ਵਹਿਸ਼ਤਾਂ ਦੀ ਯਾਦ ਆਈ।

ਇੰਜ ਮਿਲੇ ਕਿ ਜ਼ਿੰਦਗੀ ਵਿਚ ਜਿਵੇਂ ਕੋਈ ਅਨਜਾਣ ਮਿਲਿਆ,
ਉਹ ਜੋ ਬੇ-ਪਹਿਚਾਣ ਹੋਈਆਂ, ਕੁਰਬਤਾਂ ਦੀ ਯਾਦ ਆਈ।

ਤਤਕਰਾ

ਮੁਮਕਿਨ ਹੈ, ਆਦਮੀ ਦਾ ਲਾਚਾਰ ਨਾ ਹੋਣਾ,
ਬੀਮਾਰ ਫ਼ਿਜ਼ਾ ਵਿਚ ਵੀ, ਬੀਮਾਰ ਨਾ ਹੋਣਾ।

ਨਿਰਮਲ ਅਤੇ ਨਿਰਾਲਮ ਹੋਣਾ ਹੈ ਨੀਲੋਫ਼ਰ ਦਾ,
ਬਾਜ਼ਾਰ 'ਚ ਤਾਂ ਹੋਣਾ, ਖ਼ਰੀਦਾਰ ਨਾ ਹੋਣਾ।

ਇਸ ਤਰ੍ਹਾਂ ਵੀ ਹੋਣਾ ਹੈ ਜੀਵਨ ਦੀ ਨਦੀ ਅੰਦਰ,
ਬਾਹਾਂ ਤੋਂ ਬਿਨਾ ਕੋਈ ਪਤਵਾਰ ਨਾ ਹੋਣਾ।

ਹਰ ਦਰਦ ਬੇਗਾਨੇ ਦੀ ਵੱਖਰੀ ਹੀ ਕਹਾਣੀ ਹੈ,
ਮੁਮਕਿਨ ਹੈ ਦੋਸਤਾਂ ਦਾ, ਗ਼ਮਖ਼ਾਰ ਨਾ ਹੋਣਾ।

ਹਰ ਵਕਤ ਖ਼ਿਜ਼ਾ ਏਥੇ, ਹਰ ਵਕਤ ਬਹਾਰਾਂ ਨੇ,
ਦੁਨੀਆਂ ਦੇ ਜਿਹਾ ਪ੍ਰੀਤਮ! ਗੁਲਜ਼ਾਰ ਨਾ ਹੋਣਾ।

ਮੁਰਸ਼ਦ ਮਿਲੇ ਜਾਂ ਕੋਈ ਆਪਣਾ ਸਖ਼ਾ ਮਿਲੇ,
ਜਿਸ ਤੋਂ ਜੇ ਪੁੱਛ ਲਵਾਂ, ਤਾਂ ਆਪਣਾ ਪਤਾ ਮਿਲੇ।
"ਦੁਨੀਆਂ ਦੇ ਵਿਚ ਸਭ ਤੋਂ ਬਦਨਾਮ ਨਾਂ ਤੇਰਾ",
ਉਸ ਨੂੰ ਇਹ ਆਖ ਦੇਣਾ, ਜੇਕਰ ਖ਼ੁਦਾ ਮਿਲੇ।
ਹਰ ਇਕ ਵਿਚਾਰ ਅੰਦਰ, ਅੱਗ ਦੀ ਤਾਸੀਰ ਹੈ,
ਦੁਨੀਆਂ ਸਮੇਟ ਸਕਦੈ, ਜੇਕਰ ਹਵਾ ਮਿਲੇ।
ਖਾਵਾਂ - ਬਣਾਗਾ ਕੋਹੜੀ, ਛੱਡਾਂ - ਕਲੰਕ ਹੈ,
ਇੰਜ ਵੀ ਸਜ਼ਾ ਮਿਲੇ ਤੇ ਉਂਜ ਵੀ ਸਜ਼ਾ ਮਿਲੇ।
'ਲੱਗੀਆਂ ਨਿਭਾਵਣਾ' ਤਾਂ ਜੀਵਨ ਦੀ ਲੋੜ ਨਾ,
ਕੁਦਰਤ ਦੇ ਵਿਚ ਪ੍ਰੀਤਮ! ਕਿੱਥੇ ਵਫ਼ਾ ਮਿਲੇ!

ਤਤਕਰਾ

ਮੇਰੀ ਨਿਗਾਹ ਨਾਲ ਜਦ ਰਲ ਗਈ ਤੇਰੀ ਨਿਗਾਹ
ਇਸ਼ਕ ਦੀ ਦੁਨੀਆਂ ‘ਚ ਮੈਂ ਹੋ ਗਿਆ ਹਾਂ ਬਾਦਸ਼ਾਹ।

ਹੈ ਖ਼ੁਸ਼ੀ ਕਿ ਤੇਰੀ ਮੇਰੀ ਮੰਜ਼ਿਲ ਆਖ਼ਰ ਇਕ ਹੈ,
ਕੀ ਹੋਇਆ ਜੇ ਤੇਰੇ ਮੇਰੇ ਵੱਖਰੇ ਵੱਖਰੇ ਨੇ ਰਾਹ!

ਉਸ ਜਨੂਨੀ ਨੇ ਜਦੋਂ ਦੱਸਿਆ ਕਿ ਪੁੰਨ ਕੀ ਹੋਵੰਦਾ!
ਮੇਰੀ ਜਾਚੇ ਓਸ ਵੇਲੇ, ਉਸ ਤੋਂ ਵੀ ਹੋਇਆ ਗੁਨਾਹ।

ਅੱਜ ਤਾਈਂ ਮਨ ਦੇ ਆਖੇ ਤਨ ਨੇ ਜੇਬਾਂ ਕੱਟੀਆਂ,
ਮਨ ਦੇ ਆਖੇ ਲੱਗ ਕੇ ਹੀ ਤੁਰ ਪਿਆ ਸੂਲੀ ਦੇ ਰਾਹ।

ਤਨ ਤੇ ਸੁਣਿਆਂ ਹੈ ਕਿ ਤੱਤੀਆਂ ਤਵੀਆਂ ‘ਤੇ ਨਹੀਂ ਡੋਲਿਆ,
ਕਿਹੜੀ ਰਿਸ਼ਵਤ ਬਦਲ ਦੇਵੇ ਏਸ ਮਨ ਦਾ ਕੀ ਵਸਾਹ!

ਅੱਜ ਦੇ ਯੁਗ ਦੀ ਲੜਾਈ ਹੈ ਲੜਾਈ ਮਨਾਂ ਦੀ,
ਮਨ ਜੇ ਮਜ਼ਬੂਤ ਨਹੀਂ ਤਾਂ ਔਖਾ ਏ ਹੋਣਾ ਨਿਬਾਹ।

ਤੇਰੇ ਛਵ੍ਹੀਆਂ ਤੇ ਗੰਡਾਸੇ ਦੱਸ ਭਲਾ ਕੀ ਕਰਨਗੇ!
ਤੇਰੇ ਹੀ ਜਦ ਸਾਥੀਆਂ ਦੇ ਹੋਣਗੇ ਹਿਰਦੇ ਸਿਆਹ।

ਹਰ ਕਿਸੇ ਨੂੰ ਦੱਸ ਦੇ ਕਿ ਜ਼ੁਲਮ ਸਹਿਣਾ ਪਾਪ ਹੈ,
ਜ਼ਾਲਮਾਂ ਦਾ ਕੀ! ਫਿਰ ਆਪੇ ਹੀ ਹੋ ਜਾਣੇ ਤਬਾਹ।

ਇਸ਼ਕ ਮੇਰਾ ਇਹ ਨਾ ਕਹਿੰਦਾ, “ਮੈਂ ਰਹਿ ਜਾਵਾਂ ਇੱਕ ਦਾ”,
ਸਰਬ-ਸਾਂਝੀਵਾਲਤਾ ਲਈ ਕਲਮ ਮੇਰੀ ਹੈ ਗਵਾਹ।

ਉਹ ਸਲੀਬਾਂ, ਉਹ ਖੰਡੇ, ਉਹ ਚੱਕਰ ਹੁਣ ਨਹੀਂ ਆਵਣੇ,
ਇਲਮ ਦੇ ਘਰ ਵਿਚ ਹੀ ਪ੍ਰੀਤਮ! ਲੈਣੀ ਪੈਣੀ ਹੈ ਪਨਾਹ।

ਮੇਰੇ ਜਿਸਮ ਦੇ ਆਕਾਰ ਤੋਂ, ਬਾਹਰ ਵਜੂਦ ਤੇਰਾ,
ਮੇਰੀ ਜ਼ਿੰਦਗੀ ਦੀ ਸਾਰ ਤੋਂ, ਬੇਖ਼ਬਰ ਵਜੂਦ ਤੇਰਾ।

ਇੰਜ ਹੈ ਦਿਲਾਂ ‘ਚ ਉੱਸਰੀ ਦੀਵਾਰ ਤਲਖ਼ੀਆਂ ਦੀ,
ਮੇਰੀ ਰੂਹ ਦੀ ਮਾਂਦਗੀ ਤੋਂ, ਬੇਅਸਰ ਵਜੂਦ ਤੇਰਾ।

ਪੱਥਰ ਨਾ ਪਹਿਨ ਤਨ ‘ਤੇ, ਸ਼ੀਸ਼ੇ ਦੇ ਮਹਿਲ ਅੰਦਰ,
ਕਿਤੇ ਰਹਿ ਨਾ ਜਾਏ ਹੋ ਕੇ ਦੂਭਰ ਵਜੂਦ ਤੇਰਾ।

ਜੇ ਨਾ ਰਾਸ ਆਈ ਰੂਹ ਨੂੰ, ਔਕਾਤ ਨ੍ਹੇਰਿਆਂ ਦੀ,
ਬੇ-ਚੈਨ ਹੀ ਰਹੇਗਾ , ਤਾ-ਸਹਰ ਵਜੂਦ ਤੇਰਾ।

‘ਪ੍ਰੀਤਮ’ ਦੀ ਦੁਨੀਆਂ ਬਦਲੀ ਕਿੰਜ ਹੈ ਬਗ਼ੈਰ ਤੇਰੇ,
ਆ ਦੇਖ! ਕਰ ਰਿਹਾ ਸੀ, ਕੀ ਅਸਰ ਵਜੂਦ ਤੇਰਾ।

ਤਤਕਰਾ

ਮੈਂ ਹਿੱਲਾਂ ਜਾਂ ਨਾ ਹਿੱਲਾਂ, ਮੇਰਾ ਸਾਇਆ ਟਿਕ ਨਾ ਬਹਿੰਦਾ,
ਕਦੇ ਇਹ ਪਿੱਛੇ ਦੀ ਗੱਲ ਕਰਦਾ ਕਦੇ ਅਗਾਂਹ ਦੀ ਕਹਿੰਦਾ।

ਦਿਲ ਨੇ ਅਕਸਰ ਉਹ ਸ਼ੈਅ ਮੰਗੀ ਜੋ ਨਾ-ਮੁਮਕਿਨ ਹੈ ਸੀ,
ਐਸੀ ਚਾਹਤ ਦੇ ਬਦਲੇ ਵਿਚ, ਰਿਹਾ ਸਦਾ ਦੁੱਖ ਸਹਿੰਦਾ।

ਇਕ ਪਾਸੇ ਨੂੰ ਪੂਰਬ ਆਖਾਂ, ਇਕ ਨੂੰ ਪੱਛਮ ਆਖਾਂ,
ਪਰ ਇਹ ਸੂਰਜ, ਹਰ ਥਾਂ ਚੜ੍ਹਦਾ ਹਰ ਥਾਂ ਉੱਤੇ ਲਹਿੰਦਾ।

ਅਜੇ ਤਾਂਈਂ ਤਾਂ ਦਿਸ-ਹੱਦੇ ‘ਤੇ ਕੋਈ ਪਹੁੰਚ ਨਾ ਸਕਿਆ,
ਤੂੰ ਕਿਉਂ ਉੱਡਦੀਆਂ ਡਾਰਾਂ ਪਿੱਛੇ ਫਿਰਦੈਂ ਡਿੱਗਦਾ ਢਹਿੰਦਾ।

ਜਿਸ ਨੇ ਪੀੜਾਂ ਆਪਣੀਆਂ ਦੀ, ਹਾਥ ਪਾ ਲਈ ਹੁੰਦੀ,
ਪੁਰਜ਼ਾ ਪੁਰਜ਼ਾ ਕਟਵਾ ਕੇ ਵੀ, ਉਹ ਤੇ ਹੱਸਦਾ ਰਹਿੰਦਾ।

ਜਿਸ ਨੂੰ ਆਪਣੇ ਸ਼ਹੁ-ਸਾਗਰ ਦੇ ਨਾਲ ਮਿਲਣ ਦੀ ਇੱਛਾ,
ਉਹ ਨਿਮਾਣਾ ਹੋ ਕੇ ਪ੍ਰੀਤਮ! ਨੀਵੀ ਥਾਂ ਵੱਲ ਵਹਿੰਦਾ।

ਮੈਂ ਆਪਣੇ ਲਈ ਇਕ ਖ਼ੁਸ਼ੀ ਮੰਗਦਾ ਹਾਂ,
ਤੇਰੇ ਤੋਂ ਤੇਰੀ ਦੋਸਤੀ ਮੰਗਦਾ ਹਾਂ।

ਤੂੰ ਲਾਰੇ ‘ਤੇ ਬਹਿ ਕੇ ਫੇਰੀ ਜਾ ਮਾਲਾ,
ਮੈਂ ਜੰਨਤ ਸਦਾ ਪੇਸ਼ਗੀ ਮੰਗਦਾ ਹਾਂ।

ਕਿ ਦੁਨੀਆਂ ਨਾ ਮੇਰਾ ਸੁਖ ਚੈਨ ਖੋਹਵੇ,
ਸੋ ਦੁਨੀਆਂ ਦੀ ਵੀ ਬਿਹਤਰੀ ਮੰਗਦਾ ਹਾਂ।

ਮੈਂ ਜਿਧਰ ਨੂੰ ਮੋੜਾਂ, ਓਧਰ ਨੂੰ ਜਾਵੇ,
ਬਸ! ਏਹੋ ਜਿਹੀ ਜ਼ਿੰਦਗੀ ਮੰਗਦਾ ਹਾਂ।

ਬਹੁਤੇ ਨਾ ਕੱਢ ਇਕ ਗੱਲ ਦੇ ਮਾਅਨੇ,
ਮੈਂ ਲਫ਼ਜ਼ਾਂ ਦੀ ਪਾਕੀਜ਼ਗੀ ਮੰਗਦਾ ਹਾਂ।

ਮੰਨਿਆਂ ਕਿ ਮੰਗਣਾ ਹੈ ਜੀਵਨ ਦੀ ਫ਼ਿਤਰਤ,
ਬਸ ਇਹ ਬਦਲ ਜਾਵੇ, ਇਹੀ ਮੰਗਦਾ ਹਾਂ।

ਤਤਕਰਾ

ਮੈਂ ਜ਼ਿੰਦਗਾਨੀ ਦੇ ਸਫ਼ਰ ‘ਤੇ ਸ਼ਰਮਸਾਰ ਨਹੀਂ,
ਇਸ਼ਕ ਬੇਕਾਰ ਸਹੀ, ਜ਼ਿੰਦਗੀ ਬੇਕਾਰ ਨਹੀਂ।

ਕੋਈ ਬੁਰਾ ਨਹੀਂ, ਨਾਕਾਮ ਹੋ ਕੇ ਰਹਿ ਜਾਣਾ,
ਕਿ ਕੰਮ ਵਾਂਗ, ਨਤੀਜੇ ‘ਤੇ ਇਖ਼ਤਿਆਰ ਨਹੀਂ।

ਸਿਰਫ਼ ਇਕ ਨਾਲ ਹੀ ਹੈ ਜਿਹੜਾ ਹੋ ਸਕਦਾ,
ਹੋਰ ਕੁਝ ਹੈ, ਅਸਲ ‘ਚ ਪਿਆਰ ਨਹੀਂ।

ਮੇਰੇ ਗੁਨਾਹ ਦੀ ਸਜ਼ਾ ਮੌਤ ਤਾਂ ਪੱਥਰ ਮਾਰੋ!
ਪਰ ਪੱਥਰ ਉਹੀ ਮਾਰੇ ਜੋ ਗੁਨਾਹਗਾਰ ਨਹੀਂ।

ਨਹੀਂ ਜਵਾਨੀ ਹੀ ਮਸਤਾਨੀ ਤਾਂ ਕੁਝ ਵੀ ਨਹੀਂ,
ਜੋ ਸਿਰਫ਼ ਪੀ ਕੇ ਹੀ ਆਉਂਦੈ, ਉਹ ਖ਼ੁਮਾਰ ਨਹੀਂ।

ਹਰ ਤਰਹ ਦੀ ਬੁਰੀ ਗੱਲ ਜਾਂ ਬਦ-ਦੁਆ ਕਹਿ ਦੇ,
ਪਰ ਇਹ ਨਾ ਆਖ ਕੇ ਪ੍ਰੀਤਮ ‘ਤੇ ਏਤਬਾਰ ਨਹੀਂ।

(ਇਕ ਅਫ਼ਗਾਨ ਵੱਲ ਦੇਖ ਕੇ)

ਮੈਂ ਪੱਥਰ ਹਾਂ, ਓ ਦੁਨੀਆਂ ਵਾਲਿਓ! ਤਰਾਸ਼ਣਾ ਮੈਨੂੰ,
ਤੇ ਫਿਰ ਸੀਨੇ ‘ਚ ਧੜਕਣ ਵਾਸਤੇ ਜਾ ਰੱਖਣਾ ਮੈਨੂੰ।

ਦੁਨੀਆਂ ਵਾਸਤੇ ਜਾਬਰ ਹਾਂ, ਜਾਹਿਲ ਹਾਂ ਤੇ ਜ਼ਾਲਿਮ ਹਾਂ,
ਮਗਰ ਮੇਰੀ ਨਜ਼ਰ ਦੇ ਨਾਲ ਵੀ ਤਾਂ ਦੇਖਣਾ ਮੈਨੂੰ।

ਇਹ ਤਹਿਜ਼ੀਬ ਵਾਲੀ ਗੱਲ ਜ਼ਰਾ ਸਮਝਾ ਦਿਓ ਮੈਨੂੰ,
ਮੈਂ ਫਿਰ ਅੱਵਲ ਹੀ ਆਵਾਂਗਾ, ਕਦੇ ਵੀ ਪਰਖਣਾ ਮੈਨੂੰ।

ਮੇਰੀ ਜ਼ੁਰਤ ਨੇ ਹੁਣ ਤਾਈਂ, ਹਰ ਮੁਸ਼ਕਿਲ ਫ਼ਨਾਹ ਕੀਤੀ,
ਸੱਚ ਮੰਨਣਾ! ਕਿ ਔਖਾ ਲੱਗ ਰਿਹਾ ਹੈ ਬਦਲਣਾ ਮੈਨੂੰ।

ਸਤਾਇਆ ਹੋਇਆ ਹਾਂ ਮਜ਼੍ਹਬ ਤੇ ਦੁਨਿਆਵੀ ਤਰੱਕੀ ਦਾ,
ਐਵੇਂ ਤਾਂ ਨਹੀਂ ਇਹ ਆ ਗਿਆ ਹੈ ਭੜਕਣਾ ਮੈਨੂੰ।

ਸ਼ਰੀਅਤ ਦੀ ਗੁਫ਼ਾ ਵਿਚ ਬੈਠ ਕੇ ਹੈ ਲੋਚਿਆ ਉਸਨੂੰ,
ਜੋ ਉਮਰਾਂ ਤੋਂ ਵਡੇਰਾ ਹੈ, ਨਾ ਆਇਆ ਭਾਲਣਾ ਮੈਨੂੰ।

ਨਜ਼ਰ ਆਈ ਜੋ ਦੌਲਤ, ਔਰਤ, ਸ਼ੁਹਰਤ ਲੁੱਟਿਆ ਉਸਨੂੰ,
ਤਾਂ ਹੀ ਤਾਂ ਆ ਗਿਆ ਹੈ ਕਮਜ਼ੋਰੀ ਦਾ ਕੱਜਣਾ ਮੈਨੂੰ।

ਮੈਂ ਕਾਰੀਗਰੀ ਦੀ ਔਲਾਦ ਹਾਂ, ਉੱਡਾਂ ਜਾਂ ਨਾ ਉੱਡਾਂ,
ਪ੍ਰੀਤਮ! ਰੋਹ ‘ਚ ਆ ਕੇ ਐਵੇਂ ਹੀ ਨਾ ਫੂੰਡਣਾ ਮੈਨੂੰ।

---

ਐ ਮੁਸੱਵਰ! ਯੂ. ਐਨ. ਓ. ਦੇ ਨਕਸ਼ ਬਦਲਾ ਦੇ,
ਏਥੇ ਘੁੱਗੀ ਦੀ ਜਗਹ ਇਕ ਝਪਟਦਾ ਬਾਜ਼ ਦਿਖਲਾ ਦੇ।

ਤਤਕਰਾ

ਮੈਂ ਮਿੱਟੀ, ਮੇਰਾ ਤਾਂ ਦਿਲ ਹੈ! ਤੂੰ ਅੰਬਰ ਨਿਰਮੋਹੀ ਵੇ,
ਦੇ ਕੇ ਮੈਨੂੰ ਪਿਆਰ ਦਾ ਸਦਮਾ, ਤੂੰ ਮੇਰੀ ਜਿੰਦ ਕੋਹੀ ਵੇ।

ਸਦੀਆਂ ਦੀ ਕੰਧ ਵਿਚ ਪਤਾ ਨਹੀਂ ਕਿੰਨੀਆਂ ਇੱਟਾਂ ਪਲਾਂ ਦੀਆਂ,
ਸਮਿਆਂ ਦੇ ਇਸ ਮਹਿਲ ਨੇ ਸਾਥੋਂ ਸਾਡੀ 'ਹੋਣੀ' ਖੋਹੀ ਵੇ।

ਕਿਸ ਦੇ ਨਾਲ? ਕਦੋਂ? ਕੀ ਹੋਣਾ? ਇਸ ਦੇ ਬਾਰੇ ਕੀ ਸੋਚਾਂ?
ਚਿੰਤਨ ਦੇ ਵਿਚ ਕੁਝ ਨਾ ਮਿਲਿਆ ਨਬਜ਼ ਜਾਂ ਇਸ ਦੀ ਟੋਹੀ ਵੇ।

ਜਦ ਜੀਅ ਚਾਹਵੇ, ਮੌਸਮ, ਆਪਣਾ ਰੂਪ ਬਦਲ ਕੇ ਆ ਜਾਵੇ,
ਕਿਸੇ ਤਬਾਹੀ ਦੀ ਵੀ ਇਸ ਨੂੰ, ਕੋਈ ਗੱਲ ਨਾ ਪੋਹੀ ਵੇ।

ਤੂੰ ਵੀ ਭੈੜੇ ਮੌਸਮ ਵਾਂਗੂੰ, ਕਿਹੜੀ ਘੱਟ ਗੁਜ਼ਾਰੀ ਵੇ!
ਇਕ ਜ਼ਰਖ਼ੇਜ਼ ਨੂੰ ਕਰ ਛੱਡਿਆ ਈ, ਬੰਜਰ, ਰੱਕੜ, ਰੋਹੀ ਵੇ।

'ਸੀਤਾ' ਦੀ ਇੱਛਾ ਵੀ ਏਥੇ, 'ਰਾਵਣ' ਦੀ ਇੱਛਾ ਵੀ ਹੈ,
ਹਰ ਯੁਗ ਦੇ ਬੰਦਿਆਂ ਨੇ, ਪ੍ਰੀਤਮ! ਰਾਮ-ਕਹਾਣੀ ਛੋਹੀ ਵੇ।

ਮੈਂ ਵੱਡਾ ਜਾਂ ਛੋਟਾ ਅਕਸਰ ਹੁੰਦਾ ਹਾਂ,
ਆਪਣੇ ਲਈ ਹੀ ਕਦੋਂ ਬਰਾਬਰ ਹੁੰਦਾ ਹਾਂ!

ਜ਼ੁਲਮ ਓਦੋਂ ਹੀ ਜ਼ੁਲਮ ਦਿਖਾਈ ਦੇਂਦਾ ਹੈ,
ਜਦੋਂ ਜਦੋਂ ਕੁਦਰਤ ਤੋਂ ਨਾਬਰ ਹੁੰਦਾ ਹਾਂ।

ਨਾਟਕ ਕੋਈ ਲਿਖਦਾ ਅਤੇ ਖਿਡਾਉਂਦਾ ਹੈ,
ਮੈਂ ਤੇ ਬਸ ਇਕ ਉਸਦਾ ਪਾਤਰ ਹੁੰਦਾ ਹਾਂ।

ਇਕ ਤੂਫ਼ਾਨੀ ਘਟਣਾ ਜਦ ਘਟ ਚੁੱਕਦੀ ਹੈ,
ਓਸ ਵੇਲੇ, ਇਕ ਸ਼ਾਂਤ ਸਮੁੰਦਰ ਹੁੰਦਾ ਹਾਂ।

ਮੇਰਾ ਘਰ ਮੇਰੇ ਮਨ ਅੰਦਰ ਹੈ, 'ਪ੍ਰੀਤਮ'!
ਪਰ ਮੈਂ ਅਕਸਰ ਇਸ ਤੋਂ ਬਾਹਰ ਹੁੰਦਾ ਹਾਂ।

ਤਤਕਰਾ

ਯਾਦਾਂ ਦੀ ਪੰਡ ਚੁੱਕੀ ਤੇ ਕਦੀ ਉਤਾਰ ਲਈ,
ਏਸੇ ਤਰ੍ਹਾਂ ਹੀ ਆਪਣੀ ਜ਼ਿੰਦਗੀ ਗੁਜ਼ਾਰ ਲਈ।

ਹਰ ਸ਼ੈਅ ਦੀ ਨੇੜੇ ਆਉਂਦਿਆਂ ਹੀ ਖਿੱਚ ਮਿਟ ਗਈ,
ਕੋਈ ਦਵਾ ਨਾ ਲੱਗੀ ਦਿਲ ਦੇ ਗ਼ੁਬਾਰ ਲਈ।

ਭਾਵੇਂ ਖ਼ਿਆਲਾਂ ਵਿਚ ਹੀ ਹਰ ਸੁਖ ਨੂੰ ਮਾਣਿਆਂ,
ਪਲ ਦੋ ਪਲਾਂ ਲਈ ਇਹ ਜ਼ਿੰਦਗੀ ਸਵਾਰ ਲਈ।

ਕਿਸੇ ਦਾ ਹੁਸਨ ਵੀ ਹੈ, ਆਪਣੇ ਖ਼ਿਆਲ ਵੀ,
ਸ਼ਰਾਬ ਹੀ ਨਹੀਂ ਹੈ ਹੁੰਦੀ ਖ਼ੁਮਾਰ ਲਈ।

ਚੰਗੇਰੇਪਨ ਲਈ ਜੇ ਪੈਂਡੇ ਦੀ ਪੀੜ ਹੈ,
ਕੋਈ ਨਹੀਂ ਹੈ ਮੁਸ਼ਕਿਲ ਕੂੰਜਾਂ ਦੀ ਡਾਰ ਲਈ।

ਉਡੀਕ ਦੇ ਸਕੇ ਜੇ ਦੋ ਪਲ ਮਿਲਾਪ ਦੇ,
ਸੌ ਜਨਮ ਬਹਿ ਲਵਾਂਗਾ 'ਪ੍ਰੀਤਮ' ਦੇ ਪਿਆਰ ਲਈ।

ਰੱਦੀ ਦੇ ਕਾਗ਼ਜ਼ਾਂ ਤੋਂ ਬੇੜੀ ਬਣਾ ਲਈ,
ਬੇਚੈਨ ਤੇ ਭਟਕਦੇ ਪਾਣੀ 'ਚ ਪਾ ਲਈ।

ਪੁੱਛਦਾ ਹਾਂ ਹਰ ਕਿਸੇ ਨੂੰ ਕਿਨਾਰਾ ਵੀ ਹੈ ਕਿਤੇ?
ਐਸੀ ਪਿਆਸ ਗਹਿਰੇ ਪਾਣੀ 'ਚ ਲਾ ਲਈ।

ਕੀਤਾ ਹੈ ਯਾਦ ਜਿਸ ਨੇ ਵਿੱਛੜੇ ਪਿਆਰ ਨੂੰ,
ਉਸ ਡੁੱਬ ਜਾਣ ਵਾਲੇ, ਮੁਸ਼ਕਿਲ ਵਧਾ ਲਈ।

ਹੁਣ ਆ ਗਿਆ ਹੈ ਮੈਨੂੰ ਵਿਗੜੀ ਸੰਵਾਰਨਾ,
ਇਕ ਦਰਦ ਤੋਂ ਮੈਂ ਆਪਣੀ ਪਹਿਚਾਣ ਪਾ ਲਈ।

'ਇਹ' ਬੇਬਸੀ ਹੈ ਪ੍ਰੀਤਮ!, 'ਉਹ' ਬੇਵਫ਼ਾਈ ਹੈ।
ਇਸ ਨੇ ਨਜ਼ਰ ਮਿਲਾਈ, ਉਸ ਨੇ ਝੁਕਾ ਲਈ।

ਤਤਕਰਾ

ਰਾਜ਼, ਕਿਸ ਦਾ ਭਲਾ ਨਹੀਂ ਹੁੰਦਾ!
ਪਰ ਇਹ ਸਭ ਤੋਂ ਸੁਣਾ ਨਹੀਂ ਹੁੰਦਾ।

ਇੰਜ ਹੀ ਤੜਪਣਾ ਹੈ ਤੂੰ, ਜਦ ਤਕ
ਦਰਦ ਵਧ ਕੇ ਦਵਾ ਨਹੀਂ ਹੁੰਦਾ।

ਜਨੂੰਨ ਹੀ ਹੈ ਏਸ ਦੀ ਮੰਜ਼ਿਲ,
ਇਸ਼ਕ ਇਸ ਤੋਂ ਬਿਨਾ ਨਹੀਂ ਹੁੰਦਾ।

ਠੀਕ ਹੈ ਕਿ ਇਹ ਚੰਦ ਰੋਜ਼ ਬਦਲੇ,
ਪਰ ਇਹੇ ਬੇ-ਵਫ਼ਾ ਨਹੀਂ ਹੁੰਦਾ।

ਆਖਦਾ ਹੈ ਉਡੀਕਵਾਨ, "ਕਾਰਨ
ਹਰ ਸਜ਼ਾ ਦਾ, ਖ਼ਤਾ ਨਹੀਂ ਹੁੰਦਾ।"

ਕਿਵੇਂ ਉਹ ਦਿਲ ਦਾ ਚੈਨ ਭਾਲ ਸਕੇ
ਜਿਸ ਨੂੰ ਆਪਣਾ ਪਤਾ ਨਹੀਂ ਹੁੰਦਾ।

ਜਿਸ ਜਗਹ ਆਸਤਕ ਨਹੀਂ 'ਪ੍ਰੀਤਮ'
ਨਹੀਂ ਓਥੇ ਖ਼ੁਦਾ ਨਹੀਂ ਹੁੰਦਾ।

ਲਲਾਰੀ ਕੌਣ ਸੀ? ਜਿਸ ਤੋਂ ਖ਼ੁਸ਼ੀ ਆਪਣੀ ਰੰਗਾਈ ਸੀ,
ਕਿਹਦੀ ਜਾਦੂਗਰੀ ਨੇ, ਸੱਤਰੰਗੀ ਪੀਂਘ ਪਾਈ ਸੀ?

ਜਦੋਂ ਆਫ਼ਤ ਸਮਝ ਆਵੇ, ਨਿਡਰਤਾ ਆ ਹੀ ਜਾਂਦੀ ਹੈ,
'ਸਮਝ' ਦੇ ਨਾਲ ਕੁਝ ਲੋਕਾਂ ਸ਼ਹਾਦਤ ਵੀ ਜਾ ਪਾਈ ਸੀ।

ਇਕ ਪਹਿਲੂ ਮੁਹੱਬਤ ਦਾ ਬੜਾ ਖ਼ੁਦਗ਼ਰਜ਼ ਹੁੰਦਾ ਹੈ,
ਕਿਸੇ 'ਤੇ ਹੱਕ ਜਮਾਵਣ ਦੀ, ਅਕਲ ਏਸੇ ਸਿਖਾਈ ਸੀ।

ਨਾ ਕਰ ਤਾਰੀਫ਼ ਰੁੱਖਾਂ ਦੀ, ਇਨ੍ਹਾਂ ਦੀ ਮਿਹਰਬਾਨੀ ਦੀ,
ਇਨ੍ਹਾਂ ਦਾ ਫਲ ਹੀ ਸੀ ਜਿਸ ਨੇ ਕਦੇ ਜੰਨਤ ਛੁਡਾਈ ਸੀ।

ਸਿਤਾਰੇ ਕੋਸ ਨਾ 'ਪ੍ਰੀਤਮ'! ਗ਼ਮਾਂ ਦੀ ਰਾਤ ਦੀ ਝੋਲੀ,
ਸਿਤਾਰਾ ਉਹ ਵੀ ਸੀ ਡੁੱਬਕੇ ਜਿਹਨੇ ਸੁਬਹ ਦਿਖਾਈ ਸੀ।

ਤਤਕਰਾ

ਵਹਿਣ ਦੇ ਪਾਣੀ ਤਾਂ ਸਾਰੇ ਇਕ ਜਿਹੇ,
ਪਰ ਨਹੀਂ ਨਦੀਆਂ ਕਿਨਾਰੇ ਇਕ ਜਿਹੇ।

ਇਹ ਵੀ ਇਕ ਤੂਫ਼ਾਨ ਦੀ ਤਾਰੀਫ਼ ਹੈ,
ਇਸ ਦੇ ਅੱਗੇ ਮਹਿਲ ਢਾਰੇ ਇਕ ਜਿਹੇ।

ਕੀ ਕਹਾਂ! ਕਿ ਦਿਨ ਵੀ ਇਕ ਤੂਫ਼ਾਨ ਹੈ,
ਇਸ ਲਈ ਸੁਪਨੇ ਸਿਤਾਰੇ ਇਕ ਜਿਹੇ।

ਪੂਰਬੀ ਹੋਵਣ ਜਾਂ ਹੋਵਣ ਪੱਛਮੀ,
ਆਦਤਨ, ਸਾਰੇ ਸਾਰੇ ਇਕ ਜਿਹੇ।

ਜੇ ਕਦੀ ਇਸ ਜੀਭ ਦਾ ਰਸ ਨਾ ਰਹੇ,
ਖਾਣ ਨੂੰ ਮਿੱਠੇ ਤੇ ਖਾਰੇ ਇਕ ਜਿਹੇ।

ਉਸ ਮਵਾਲੀ ਕੋਲ ਚਾਦਰ ਹੀ ਨਹੀਂ,
ਪਗ ਪਸਾਰੇ ਨਾ ਪਸਾਰੇ ਇਕ ਜਿਹੇ।

ਸੁਣਿਆਂ ਹੈ ਕਿ ਵਿਚ ਖ਼ਲਾਵਾਂ ਆਦਮੀ,
ਹੋ ਜਾਂਦੇ ਹਲਕੇ ਤੇ ਭਾਰੇ ਇਕ ਜਿਹੇ।

ਮੈਂ ਤੇ ਬਸ ਇਨਸਾਨ ਹਾਂ ਮੇਰੇ ਲਈ,
ਮੰਦਰ ਮਸਜਿਦ ਗੁਰੂਦੁਆਰੇ ਇਕ ਜਿਹੇ।

ਅਮਲ ਨਾ ਚੰਗੇ ਤਾਂ ਪ੍ਰੀਤਮ ਹਸ਼ਰ ਨੂੰ,
ਨਾਸਤਕ ਤੇ ਗੁਰੂ-ਸਵਾਰੇ ਇਕ ਜਿਹੇ।

ਵਕਤ ਕੋਈ ਵੀ, ਭਲਾ ਨਾ ਹੋਵੇ,
ਵਕਤ ਕੋਈ ਵੀ, ਬੁਰਾ ਨਾ ਹੋਵੇ।

ਵਕਤ ਦੀ ਖ਼ੂਬਸੂਰਤੀ ਹੈ ਕਿ,
ਇਹ ਸਦਾ ਇੱਕੋ ਜਿਹਾ ਨਾ ਹੋਵੇ।

ਹੋਰ ਕਿਸ ਸ਼ੈਅ ਦੀ ਸਾਰ ਆਵੇਗੀ!
ਜਦੋਂ ਆਪਣਾ ਹੀ ਪਤਾ ਨਾ ਹੋਵੇ।

ਖੋਟੇ ਸਿੱਕੇ ਵੀ, ਤਾਂ ਹੀ ਹੁੰਦੇ, ਜੇ
ਦਿਲ ਦਾ ਬਾਜ਼ਾਰ ਖਰਾ ਨਾ ਹੋਵੇ।

ਮੈਂ ਹਰ ਧਰਮੀ ਭੁੱਲਿਆ ਤੱਕਿਆ,
ਉਹ ਕੌਣ ਜਿਸ ਤੋਂ ਖ਼ਤਾ ਨਾ ਹੋਵੇ!

ਇਸ ਜ਼ਮਾਨੇ ਨੂੰ ਕੋਸ ਨਾ ਪ੍ਰੀਤਮ!
ਇਹ ਕਿਸੇ ਤੋਂ ਵੀ ਜੁਦਾ ਨਾ ਹੋਵੇ।

ਤਤਕਰਾ

ਵਗਦੇ ਪਾਣੀ ਦੇ ਵਿਚ ਪੱਥਰ ਇੰਜ ਪਿਆ ਹੈ,
ਜਿਵੇਂ ਕੋਈ ਅਣਮੋਲ ਖ਼ਜ਼ਾਨਾ ਸਾਂਭ ਲਿਆ ਹੈ।

ਸਾਗਰ ਕੰਢੇ ਬੈਠ ਕੇ ਦਿਲ-ਪਰਚਾਵੇ ਖ਼ਾਤਿਰ,
ਮਹਿਲ ਬਣਾ ਰੇਤਾ ਦਾ ਭਾਵੇਂ ਥੁਹੜ-ਚਿਰਾ ਹੈ।

ਇਹ ਧਰਤੀ, ਰਾਹੀ ਦੇ ਪੈਰਾਂ ਹੇਠ ਵਿਛੀ ਸੀ,
ਉਹ ਕਿੰਨਾਂ ਨਿਰਮੋਹੀ ਸੀ ਜੋ ਛੱਡ ਗਿਆ ਹੈ!

ਸਾਂਭ ਕੇ ਰੱਖੀ ਚੀਜ਼ ਕਦੇ ਤਾਂ ਕੰਮ ਆਵੇਗੀ!
ਆਮ-ਆਦਮੀ, ਸਾਲਾਂ-ਬੱਧੀ ਨਾ ਸੁੱਟਦਾ ਹੈ।

ਨਦੀ, ਕਿੰਨੀ ਵੀ ਲੰਬੀ ਹੋਵੇ, ਮੁੱਕ ਜਾਂਦੀ ਹੈ,
ਮੰਜ਼ਿਲ ਉੱਤੇ, ਸਹਿਰਾ ਜਾਂ ਸਾਗਰ ਹੁੰਦਾ ਹੈ।

ਦੇਖਣਾ ਸੁਣਨਾ ਸੁੰਘਣਾ ਛੁਹਣਾ ਤੇ ਸਾਹ ਲੈਣਾ,
ਕਿਸੇ ਦੇ ਕੋਲੋਂ, ਕੋਈ ਬੱਚਾ ਕਦ ਸਿੱਖਦਾ ਹੈ!

ਸ਼ਬਦ ਉਨ੍ਹਾਂ ਲਈ ਹਾਲੇ ਤਕ ਵੀ ਹੈਨ ਅਧੂਰੇ,
ਜਿੰਨੇ ਰੰਗੀਂ, ਰੰਗਣ ਵਾਲਾ, ਰੰਗ ਰਿਹਾ ਹੈ।

ਉਂਜ ਤੇ ਇਹ 'ਗ੍ਰੰਥ' ਹੈ ਪੂਰੀ ਮਾਨਵਤਾ ਦਾ,
ਇੱਕੋ ਲਿੱਪੀ ਵਿਚ, ਬਸ ਏਥੇ ਹੀ ਛਪਦਾ ਹੈ।

ਧਰਤੀ ਬੰਜਰ ਹੋਈ ਹੈ ਤਾਂ ਫਿਰ ਕੀ ਹੋਇਆ!
ਬੀਜ ਤਾਂ ਪ੍ਰੀਤਮ ਪੱਥਰਾਂ ਵਿਚੋਂ ਵੀ ਉੱਗਦਾ ਹੈ।

ਵਫ਼ਾ ਨਾ ਭਾਲ ਕਿਸੇ ਮਨ ਦੀ ਉਚਾਈ ਅੰਦਰ,
ਇਹ ਤਾਂ ਹੁੰਦੀ ਹੈ ਰਿਸ਼ਤੇ ਦੀ ਡੂੰਘਾਈ ਅੰਦਰ ।

ਮਿਰਗ-ਤ੍ਰਿਸ਼ਨਾ ਹੀ ਨੇ ਸਤਰੰਗੀ-ਪੀਂਘ ਦੇ ਝੂਟੇ,
ਕਿਸੇ ਇਹ ਝੂਠ ਛੁਪਾਇਆ ਹੈ , ਸਚਾਈ ਅੰਦਰ ।

ਜੇ ਹਰ ਗੱਲ ਨੂੰ ਰੱਬ ਦੀ ਰਜ਼ਾ ਹੀ ਕਹਿਣਾ ਹੈ,
ਤਾਂ ਨਹੀਂ ਫ਼ਰਕ, ਭਲਾਈ ਤੇ ਬੁਰਾਈ ਅੰਦਰ ।

ਇਹ ਕਾਰਖ਼ਾਨਾ ਹੈ, ਕੋਈ ਖ਼ੁਦਾ ਦਾ ਘਰ ਤਾਂ ਨਹੀਂ,
ਕਿ ਜਿੱਥੇ ਦਾਨ ਵੀ ਸ਼ਾਮਿਲ ਹੈ, ਕਮਾਈ ਅੰਦਰ ।

ਤਨ ਦੇ ਰੋਗ ਨੂੰ, ਤਨ ਆਪੇ ਦੂਰ ਕਰ ਸਕਦੈ,
ਐਵੇਂ ਵਿਸ਼ਵਾਸ ਹੈ ਲੋਕਾਂ ਦਾ, ਦਵਾਈ ਅੰਦਰ ।

ਆਪਣਾ ਹੋਵੇ ਸਹੀ, ਫਿਰ ਨਹੀਂ ਦੂਰ ਰਹਿ ਸਕਦਾ,
ਬੜੀ ਦਿਲਚਸਪ ਕਸ਼ਿਸ਼ ਹੁੰਦੀ ਜੁਦਾਈ ਅੰਦਰ ।

ਕਿਤੇ ਢੇਰੀ ਹੀ ਨਾ ਢਾਹ ਦੇਵੇ, ਥੱਕਿਆ ਰਾਹੀ,
ਇਹ ਵੀ ਇਕ ਰਾਜ਼ ਹੈ ਧਰਤੀ ਦੀ ਗੁਲ਼ਾਈ ਅੰਦਰ ।

ਤਤਕਰਾ

ਵਰ੍ਹਦੇ ਸਾਉਣ ਨੇ ਵਿੱਛੜੇ ਦਿਲਾਂ ‘ਤੇ ਇੰਜ ਗੁਜ਼ਾਰੀ ਹੈ,
ਮੀਂਹ ਨੇ ਡੋਬਿਆ ਦਿਲ ਨੂੰ, ਹਵਾ ਨੇ ਧੌਲ ਮਾਰੀ ਹੈ।

ਭਲਾ ਦੱਸੋ! ਉਨ੍ਹਾਂ ਵਿੱਥਾਂ ਨੂੰ ਕੀ ਹੈ ਸਾਰ ਪ੍ਰੀਤਾਂ ਦੀ!!
ਜਿਨ੍ਹਾਂ ਦੀ ਜ਼ਿੰਦਗੀ ਅੰਦਰ ਨਾ ਸੂਤਰ ਹੈ ਨਾ ਧਾਰੀ ਹੈ।

ਇੱਕੋ ਜ਼ਿੰਦਗੀ ਨੂੰ ਵੀ, ਅਨੇਕਾਂ ਰੰਗ ਦਿੱਤੇ ਨੇ,
ਸਮੇਂ ਨੇ ਜਿਸ ਤਰ੍ਹਾਂ ਚਾਹਿਆ ਲਤਾੜੀ ਹੈ ਸ਼ਿੰਗਾਰੀ ਹੈ।

ਵੱਖਰੇ ਵੱਖਰੇ ਹਾਲਾਤ, ਬਿਨ ਬੋਲੇ ਹੀ ਦੱਸਣ ਨੂੰ,
ਕਿਤੇ ਚੁੰਨੀ ‘ਤੇ ਰੰਗ ਚਿੱਟਾ, ਕਿਤੇ ਗੋਟਾ ਕਿਨਾਰੀ ਹੈ।

ਉੱਡ ਕੇ ਸੋਚ ਦੇ ਖੰਭੀਂ, ਸਵਰਗਾਂ ਦਾ ਸਫ਼ਰ ਕੀਤਾ,
ਪਲ ਦੋ ਪਲ ਅਸਾਂ ਨੇ, ਜ਼ਿੰਦਗੀ ਇੰਜ ਵੀ ਸੁਵਾਰੀ ਹੈ।

ਹੱਸਦਾ ਸੁਹਣਾ ਲੱਗਦਾ ਏਂ, ਰੋਂਦਾ ਵੀ ਸੁਹਣਾ ਲੱਗਦਾ ਏਂ,
ਹਰ ਹਾਲਾਤ ਦੇ ਵਿਚ ਮਾਂ, ਤੇਰੇ ਤੋਂ ਸਦਕੇ ਵਾਰੀ ਹੈ।

ਉਨ੍ਹਾਂ ਦਾ ਭਲਕ ਕੀ! ਤੇ ਕੀ ਕੋਈ ਉੱਮੀਦ ਹੋਵੇਗੀ!!
ਜਿਨ੍ਹਾਂ ਨੂੰ ਸੁਪਨਿਆਂ ਤੋ ਵਧ ਕੇ ਨੀਂਦਰ ਪਿਆਰੀ ਹੈ।

ਕਿਸੇ ਦੇ ‘ਹੁਸਨ’ ਦੇ ਬਾਰੇ, ਨਾ ਦੂਜੇ ਦਾ ਕਿਹਾ ਮੰਨੀਂ,
ਕਦੋਂ ਤਸਵੀਰ ਸ਼ੀਸ਼ੇ ਵੀ, ਸਦਾ ਸੱਚੀ ਉਤਾਰੀ ਹੈ!

ਸਿਆਣੇ ਆਖਦੇ ਕਿ, “ਉਸ ਰਿਜ਼ਕ ਤੋਂ ਮੌਤ ਚੰਗੀ ਹੈ,
ਜਿਹੜੇ ਰਿਜ਼ਕ ਦਾ ਕਰਕੇ, ਬਣੀ ਬੋਝਲ ਉਡਾਰੀ ਹੈ”।

ਸਾਂਝੀਵਾਲਤਾ ਦੀ ਨੀਂਹ, ਇਲਮ ਦੇ ਅਮਲ ਉੱਪਰ ਹੈ,
ਪਰਉਪਕਾਰ ਕਰਦੇ ਨੇ, ਜਿਨ੍ਹਾਂ ਵਿੱਦਿਆ ਵਿਚਾਰੀ ਹੈ।

ਮੁਸ਼ੱਕਤ ਕਰਕੇ ਰੋਟੀ ਖਾਏਗਾ, ‘ਲਾਲੋ’ ਜਿਹਾ ਬੰਦਾ,
ਲੁੱਟ, ਖੋਹ ਖਾਣ ਦੀ ਆਦਤ ਜਿਨ੍ਹੇ ਮਨ ਤੋਂ ਨਿਕਾਰੀ ਹੈ।

ਨਾ ਲਾਵਾ ਠਾਰ ਸਕਦੇ ਨੇ, ਕਦੇ ਪਾਣੀ ਸਮੁੰਦਰਾਂ ਦੇ,
ਵੱਡਿਆਂ ਵੱਡਿਆਂ ਦੇ ਹਿੱਸੇ ਵਿਚ ਵੀ ਤਾਂ ਲਾਚਾਰੀ ਹੈ।

ਕਿਤੇ ਪਰਬਤ ਦੇ ਜ਼ੱਰੇ ਨੇ, ਕਿਤੇ ਸਾਗਰ ਦੇ ਕਤਰੇ ਨੇ,
ਇਸ ਬ੍ਰਹਿਮੰਡ ਨੇ ਬ੍ਰਹਿਮੰਡਤਾ ਏਨੀ ਪਸਾਰੀ ਹੈ।

ਇਨ੍ਹੇਂ ਪਰਬਤ ਫ਼ਤਹ ਕੀਤੇ, ਇਨ੍ਹੇਂ ਸਾਗਰ ਫ਼ਤਹ ਕੀਤੇ,
ਜਿਨ੍ਹਾਂ ਦੇ ਸਾਹਮਣੇ ਭਾਵੇਂ, ਇਹ ਬੰਦਾ ਹਾਰੀ ਸਾਰੀ ਹੈ।

ਅਜੇ ਤਕ ਹਾਦਸੇ ਤੋਂ ਜ਼ਿੰਦਗੀ ਮਹਿਫ਼ੂਜ਼ ਹੈ, ਯਾਰੋ!
ਅਜੇ ਸੰਨਾਟੇ ਦੀ ਥਾਂ, ਜੰਗ ਦੇ ਵਿਚ ਗੋਲਾ-ਬਾਰੀ ਹੈ।

ਸਮਾਂ ਹੁਣ ਆ ਗਿਆ ਪ੍ਰੀਤਮ! ਅਸਾਂ ਨੇ ਦੂਰ ਜਾਣਾ ਹੈ,
ਤੂੰ ਕਿਉਂ ਜਜ਼ਬਾਤ ਦੀ ਕੰਧ ਰਾਹ ਦੇ ਅੰਦਰ ਉਸਾਰੀ ਹੈ?

ਤਤਕਰਾ

ਐ ਖ਼ੁਦਾ!  ਤਾਕਤ-ਏ-ਇਜ਼ਹਾਰ-ਏ-ਮੁਹੱਬਤ  ਦੇ ਦੇ,
ਉਨ ਕੇ ਪਹਿਲੂ ਮੇਂ ਭੀ ਕੁਛ ਕਹਿਨੇ ਕੀ ਹਿੰਮਤ ਦੇ ਦੇ।

ਨਜ਼ਰ-ਏ-ਉਲਫ਼ਤ ਕੋ  ਵੋਹ ਜਲਦੀ ਸੇ ਘੁਮਾ ਲੇਤੇ ਹੈਂ,
ਉਮਰ ਭਰ ਤਕਤੇ ਰਹੇਂ, ਉਨ ਕੋ ਯਿਹ ਫ਼ੁਰਸਤ ਦੇ ਦੇ।

ਸੁਨਾ ਹੈ,  ਤੇਰੇ ਯਹਾਂ,  ਸੱਚ ਕੋ ਹੀ ਸੱਚ  ਕਹਿਤੇ  ਹੈਂ,
ਯਹਾਂ ਭੀ,  ਵੈਸੀ ਹੀ,  ਹਰ ਦਿਲ ਮੇਂ ਅਦਾਲਤ ਦੇ ਦੇ।

ਐ ਖ਼ੁਦਾ!  ਬੁਰਾ ਨਾ ਮਾਨੇਂ  ਤੋ ਮੈਂ  ਇਕ  ਬਾਤ ਕਹੂੰ!
ਤੂ ਕਿਉਂ ਯੇ ਜ਼ੁਲਮ-ਓ-ਸਿਤਮ ਕਰਨੇ ਕੀ ਜੁੱਰਤ ਦੇ ਦੇ?

ਪਹਿਲੇ  ਮੁੱਦਾ-ਏ-ਖ਼ੁਦਾਈ  ਤੋ  ਬਤਾ  ਦੇ  ਮੁਝ  ਕੋ,
ਫਿਰ ਜੋ ਚਾਹੇ,  ਤੋ ਮੁਝੇ  ਫ਼ਰਜ਼-ਏ-ਇਬਾਦਤ  ਦੇ ਦੇ।

ਤੇਰੇ  ਦਾਮਨ  ਮੇਂ,  ਜੰਨਤ ਭੀ ਮਿਲੇ  ਔਰ ਦੋਜ਼ਖ਼ ਭੀ,
ਜੋ  ਮੁਝੇ  ਇਨ  ਸੇ  ਬਚਾ  ਲੇ,  ਵੋਹ  ਅੰਮ੍ਰਿਤ ਦੇ ਦੇ।

ਕਭੀ  ਪ੍ਰੀਤਮ ਪੇ ਭੀ ਇਕ ਨਜ਼ਰ-ਏ-ਇਨਾਯਤ ਕਰਦੇ,
ਕਭੀ  ਤੂ  ਆਪਨਾ  ਭੀ   ਜਲਵਾ-ਏ-ਸੂਰਤ  ਦੇ  ਦੇ।

ਤਤਕਰਾ

ਹਮ ਕੈਸੇ ਸਕੂੰ ਪਾਏਂ, ਗਰਦਿਸ਼ ਮੇਂ ਸਿਤਾਰੇ ਹੈਂ,
ਜੀਵਨ ਕੇ ਹਸੀਂ ਲਮਹੇ, ਫ਼ੁਰਕਤ ਮੇਂ ਗੁਜ਼ਾਰੇ ਹੈਂ।

ਤੂ ਭੀ ਹੈ ਮੀਲ-ਪੱਥਰ, ਮੈਂ ਭੀ ਹੂੰ ਮੀਲ-ਪੱਥਰ,
(ਦੋ ਮੀਲ ਪੱਥਰ ਏਕ ਸਾਥ ਮਿਲ ਬੈਠੇਂ ਤੋ
ਵੋਹ ਮੀਲ-ਪੱਥਰ ਨਹੀਂ ਰਹਿ ਜਾਤੇ।)

ਹੀਰੇ ਕੀ ਦੱਸਾਂ! ਤੇਰੇ ਜਾਣ ਪਿੱਛੋਂ,
ਤੇਰੇ ਰਾਂਝਣੇ ਉੱਤੇ ਕੀ ਬੀਤੀਆਂ ਨੇ?
ਜਦੋਂ ਸਮੇਂ ਨੇ ਆਣ ਕੇ ਚੈਨ ਖੋਹਿਆ,
ਸਾਡੀ ਸਾਰ ਨਾ ਲਈ ਪ੍ਰੀਤੀਆਂ ਨੇ।
ਤੇਰੇ ਹਿਜਰ ਦੇ ਸ਼ਿਕਰਿਆਂ ਡੀਕ ਲਾ ਕੇ,
ਰੀਝਾਂ ਭਰੀਆਂ ਭਰਾਈਆਂ ਪੀਤੀਆਂ ਨੇ,
ਚਿੱਤ ਚੇਤੇ ਵੀ ਨਹੀਂ ਸਨ ਜੋ ਗੱਲਾਂ,
ਸਾਡੇ ਨਾਲ ਤਕਦੀਰ ਨੇ ਕੀਤੀਆਂ ਨੇ।
ਰੁੱਤਾਂ ਭੌਂਦੀਆਂ ਤੇ ਵਰ੍ਹੇ ਰਹੇ ਗਿੜਦੇ,
'ਕੱਲੀਆਂ 'ਕੱਲੀਆਂ ਘੜੀਆਂ ਉਡੀਕੀਆਂ ਨੇ,
'ਪ੍ਰੀਤਮ' ਰਾਹਾਂ 'ਚ ਪੱਥਰਾਂ ਵਾਂਗ ਬਹਿ ਕੇ,
ਸਹੀਆਂ ਉਹ, ਜੋ ਰੱਬ ਉਲੀਕੀਆਂ ਨੇ।

ਨਾਕਾਮ-ਲਕੀਰੇਂ ਹੀ, ਦਾਮਨ ਮੇਂ ਹਮਾਰੇ ਹੈਂ।

ਹਮ ਕੈਸੇ ਬਚਾ ਦੇਤੇ, ਉਸ ਡੂਬਤੇ ਪ੍ਰੇਮੀ ਕੋ!
(ਹਮ ਵਹੀਂ ਤੋ ਥੇ, ਜਬ ਵੋਹ ਆਸ਼ਿਕ-ਮਿਜ਼ਾਜ ਡੂਬਾ, ਲੇਕਿਨ)
ਹਮ ਖ਼ੁਦ ਭੀ ਨਾ ਮਿਲ ਪਾਏਂ, ਦਰਿਯਾ ਕੇ ਕਿਨਾਰੇ ਹੈਂ।

ਤੂਫ਼ਾਨ ਸੇ ਕਿਆ ਸ਼ਿਕਵਾ! ਉਸ ਕੀ ਭੀ ਜਵਾਨੀ ਹੈ!
ਵੋਹ ਡੂਬਤੇ ਹੈਂ, ਜਿਨ ਕੇ, ਕਮਜ਼ੋਰ ਸਹਾਰੇ ਹੈਂ।

ਅਪਨੀ ਹੈਂ ਵੁਹੀ ਰਾਹੇਂ ਅਪਨੀ ਹੈ ਵੁਹੀ ਮੰਜ਼ਿਲ,
ਹਮ ਕੱਲ ਭੀ ਤੁਮ੍ਹਾਰੇ ਥੇ, ਹਮ ਅਬ ਭੀ ਤੁਮ੍ਹਾਰੇ ਹੈਂ।

ਕੈਸਾ ਸਿਤਮ ਹੈ ਪ੍ਰੀਤਮ! ਦਿਲ ਮੇਂ ਤੋ ਇਕ ਖ਼ਲਲ ਹੈ
ਮਧਹੋਸ਼ ਵਾਦੀਆਂ ਹੈਂ, ਖ਼ਾਮੋਸ਼ ਨਜ਼ਾਰੇ ਹੈਂ।

ਤਤਕਰਾ

ਹਮ ਤੂਫ਼ਾਨੋ ਕੇ ਸ਼ੋਅਲੇ ਹੈਂ ਔਰ ਗੁਲਜ਼ਾਰੋਂ ਕੀ ਸ਼ਬਨਮ ਹੈ,
ਆਦਮ ਕੋ ਯਹਾਂ ਲਾਨੇ ਵਾਲੀ ਗਰ ਗੰਧਮ ਥੀ, ਹਮ ਗੰਧਮ ਹੈ।

ਅਪਨੀ ਮੰਜ਼ਿਲ ਕੋ ਰਵਾਂ ਹੂੰ ਮੈਂ ਅਪਨੀ ਮੰਜ਼ਿਲ ਕੋ ਰਵਾਂ ਹੈ ਤੂ,
ਹਰ ਵਕਤ ਬਦਲਤੀ ਰਾਹੋਂ ਮੇਂ ਕੁਛ ਰੋਜ਼ ਕੇ ਅਪਨੇ ਸੰਗਮ ਹੈਂ।

ਯੇ ਸ਼ੋਖ਼ ਜਵਾਨੀ, ਯੇ ਦੌਲਤ, ਯੇ ਰੂਪ ਕੀ ਨਗਰੀ ਯੇ ਉਲਫ਼ਤ,
ਕਿਸ ਬਾਤ ਪੇ ਤੁਮ ਇਤਰਾਤੇ ਹੋ ਯਿਹ ਆਤੇ ਜਾਤੇ ਮੌਸਮ ਹੈਂ।

ਹਰ ਤੀਰ ਕੀ ਉਤਨੀ ਪਹੁੰਚ ਬਨੇ, ਜਿਤਨਾ ਵੋਹ ਪੀਛੇ ਜਾਤਾ ਹੈ,
ਮਨ ਜੀਤ ਕੇ ਹੀ ਜਗ ਜੀਤੋਗੇ ਇਸ ਅ-ਮਨ ਕੇ ਐਸੇ ਆਲਮ ਹੈਂ।

ਨੱਜ਼ਾਰੇ ਕੋ ਮਾਲੂਮ ਨਹੀਂ ਕਿ ਵੋਹ ਇਕ ਨਜ਼ਮ ਸਾ ਲਗਤਾ ਹੈ,
ਇਕ ਚਾਂਦ ਕੇ ਹੀ ਸਬ ਚਿਹਰੇ ਹੈਂ, ਕੁਛ ਅੰਧੇਰੇ ਕੁਛ ਪੂਨਮ ਹੈਂ।

ਜੋ ਐਸੀ ਬਾਤ ਨਾ ਮਾਨੇਂਗੇ ਕਿ ਦਿਲ ਕੇ ਬਿਨਾ ਭੀ ਜੀਵਨ ਹੈ,
ਹਰ ਝੰਗ ਮੇਂ ਐਸੇ ਰਾਂਝੇ ਹੈਂ, ਹਰ ਰੰਗ ਮੇਂ ਐਸੇ ਪ੍ਰੀਤਮ ਹੈਂ।

ਹਮੇਂ ਆਜ਼ਾਦ ਕਰਾਨੀ ਹੈ, ਉਲਫ਼ਤੋਂ ਕੀ ਜ਼ਮੀਂ,
ਦੌਰ-ਏ-ਇਨਸਾਨ ਮੇਂ ਚਮਕੇ ਨਾ ਆਂਸੂਓਂ ਕੀ ਨਮੀਂ।

ਕਿਸੀ ਰਹਿਬਰ ਯਾ ਮਸੀਹਾ ਕੀ ਰਾਹ ਨਾ ਦੇਖੇਂਗੇ,
ਹਮਾਰੇ ਬਿਗੜੇ ਹੂਏ ਕਾਮ ਸੰਵਾਰੇਂਗੇ ਹਮੀਂ।

ਹਮ ਨੇ ਜੋ ਭੀ ਕਹਾ ਹੈ, ਕਰ ਦਿਖਾਇਆ ਹੈ,
ਹਮਾਰੇ ਜੌਹਰ-ਏ-ਇਮਾਮਤ ਕੀ ਤਵਾਰੀਖ਼ ਅਮੀਂ।

ਸ਼ਹਾਦਤੇਂ ਹੀ ਇਸ ਆਰਜ਼ੂ ਕਾ ਮੋਲ ਸਹੀ,
ਹਮੇਂ ਸਰੋਂ ਕੀ ਕਮੀਂ ਹੈ ਨਾ ਜੁੱਰਤੋਂ ਕੀ ਕਮੀਂ।

ਕਦਮ ਛੋੜਤੇ ਜਾ ਰਹੇ ਹੈਂ ਨਿਸ਼ਾਂ,
ਮਗਰ ਰੇਤ ਮੇਂ ਕੱਲ ਮਿਲੇਂਗੇ ਕਹਾਂ!

ਖ਼ੁਦਾ ਭੀ ਮਿਲਾ ਤੋ ਬਹਿਰਾ ਮਿਲਾ,
ਕਰੂੰ ਕੈਸੇ! ਦਿਲ ਕੀ ਬਾਤੇਂ ਬਯਾਂ।

ਕਦਮ ਡੋਲਨੇ ਸੇ ਨਾ ਬਚ ਪਾਏਂਗੇ,
ਹਰ ਪਲ ਹੀ ਧਰਤੀ ਘੂੰਮੇ ਯਹਾਂ।

ਦੇਖਾ ਹੈ ਕਿ ਵਕਤ ਰੁਕਤਾ ਨਹੀਂ,
ਨਾ ਸਮਝੇ ਮਗਰ ਹੈ ਕਹਾਂ ਕੋ ਰਵਾਂ!

ਅਜੀ ਯੇ ਤੋ ਕਲ ਕੀ ਹੀ ਬਾਤ ਹੈ,
ਤੁਮ ਭੀ ਹਸੀਂ ਥੇ, ਹਮ ਭੀ ਜਵਾਂ।

ਅਮਨ-ਚੈਨ ਚਾਹਾ ਤੋ ਐਸਾ ਮਿਲਾ,
ਕਿ ਪੱਲੇ ਪੜੀ ਹੈਂ ਯੇ ਤਨਹਾਈਆਂ।

ਤਤਕਰਾ

ਕਿਸੀ ਕੀ ਯਾਦ ਸੇ ਮੰਜ਼ਰ ਉਠਾ ਕੇ ਦੇਖਨਾ ਚਾਹਾ,
ਕਿਸੀ ਮੁਰਝਾਏ ਗੁਲ ਕੋ ਫਿਰ ਹੰਸਾ ਕੇ ਦੇਖਨਾ ਚਾਹਾ।

ਮੇਰਾ ਚਿਹਰਾ ਮੇਰੇ ਦਿਲ ਕੀ ਤਰਜਮਾਨੀ ਨਾ ਕਰ ਪਾਏ,
ਯੂੰ ਅਪਨਾ ਦਰਦ ਲੋਗੋਂ ਸੇ ਛੁਪਾ ਕੇ ਦੇਖਨਾ ਚਾਹਾ।

ਠਿਠਰੁਤੀ ਰਾਤ ਕੇ ਸੀਨੇ ਮੇਂ ਥੋਹੜੀ ਆਂਚ ਤੋ ਭਰ ਦੂੰ,
ਸੁਲਗਤੀ ਰਾਖ਼ ਕੋ ਫਿਰ ਸੇ ਜਲਾ ਕੇ ਦੇਖਨਾ ਚਾਹਾ।

ਜਬ ਮਜਬੂਰੀਆਂ, ਨਜ਼ਦੀਕੀਓਂ ਕੋ ਰਾਸ ਨਾ ਆਈਂ,
ਤੋ ਬਸ ਦਿਲ ਸੇ ਹੀ ਦਿਲ ਮੇਂ ਬੁਲਾ ਕੇ ਦੇਖਨਾ ਚਾਹਾ।

ਯਿਹ ਹੋ, ਕਿ ਆਮ ਲੋਗੋਂ ਕੋ ਮੈਂ ਖ਼ਤਰੇ ਕਾ ਬਤਾ ਪਾਊਂ,
ਅਪਨੀ ਕਲਮ ਸੇ ਢੋਲਕ ਬਜਾ ਕੇ ਦੇਖਨਾ ਚਾਹਾ।

ਨਹੀਂ ਤੇਰੀ ਨਾਦਾਨੀ ਤੋ ਭਲਾ ਫਿਰ ਔਰ ਕਿਆ ਪ੍ਰੀਤਮ!
ਕਿ ਸਰਸੋਂ ਅਪਨੇ ਹਾਥੋਂ ਪੇ ਜਮਾ ਕਰ ਦੇਖਨਾ ਚਾਹਾ।

ਖ਼ੁੱਦਾਰੀਓਂ ਕੀ ਆਬਰੂ, ਰੁਸਵਾ ਕਰੇਂ ਤੋ ਕਿਉਂ!
ਹਮ ਅਪਨੀ ਖ਼ੂਬੀਓਂ ਕਾ ਤਮਾਸ਼ਾ ਕਰੇਂ ਤੋ ਕਿਉਂ!

ਨਾ ਸ਼ੁਹਰਤੋਂ ਕੀ ਭੂਖ ਨਾ ਅਜਨਾਸ ਕੀ ਕਮੀਂ,
ਇਸ ਜ਼ੀਨਤ-ਏ-ਅਸ਼ਆਰ ਕੋ ਸਸਤਾ ਕਰੇਂ ਤੋ ਕਿਉਂ!

ਤਲਾਤਮ-ਏ-ਦਰਦ-ਓ-ਫ਼ਿਕਰ ਕੋ ਸ਼ਿਅਰ ਕਰ ਲੀਆ,
ਇਸੇ ਬੇਚ ਕਰ ਨਕਸ਼-ਏ-ਸਨਮ ਧੁੰਧਲਾ ਕਰੇਂ ਤੋ ਕਿਉਂ!

ਮਜਬੂਰੀ-ਏ-ਮਸਰੂਫ਼ੀਅਤ ਹੈ ਆਮ ਹੋ ਗਈ,
ਅਬ ਤੇਰੀ ਬੇਬਸੀ ਪੇ ਸ਼ਿਕਵਾ ਕਰੇਂ ਤੋ ਕਿਉਂ!

ਜੋ ਲੋਗ ਰਿਅਫ਼ਤੋਂ ਪੇ ਭੀ ਡਰਤੇ ਹੈਂ ਬੇ-ਵਜਹ,
ਹਮ ਉਨਕੀ ਤਪਸ਼-ਏ-ਜ਼ਿਹਨ ਕੋ ਠੰਡਾ ਕਰੇਂ ਤੋ ਕਿਉਂ!

ਲੇ ਦੇ ਕੇ ਅਪਨੇ ਪਾਸ ਫ਼ਕਤ ਏਕ ਦਿਲ ਤੋ ਹੈ,
ਹਮ ਭੀ ਪਰਾਏ ਹੋ ਕੇ ਇਸੇ ਤਨਹਾ ਕਰੇਂ ਤੋ ਕਿਉਂ!

ਤਤਕਰਾ

ਜਹਾਂ ਕੁਛ ਦੇਰ ਪਹਿਲੇ ਨਾ ਥਾ, ਪਰਬਤ ਦੇਖਨਾ ਯਾਰੋ!
ਤੂਫ਼ਾਨੀ ਦੌਰ ਮੇਂ ਜ਼ੱਰੋਂ ਕੀ ਹਿੰਮਤ ਦੇਖਨਾ ਯਾਰੋ!

ਹਮ ਨੇ ਪੁਰ-ਖ਼ਤਰ ਮਹੌਲ ਮੇਂ ਰਸਤੇ ਬਨਾਏ ਹੈਂ,
ਕਜ਼ਾ ਮੇਂ ਜ਼ਿੰਦਗੀ ਬੋਨੇ ਕੀ, ਜੁੱਰਤ ਦੇਖਨਾ ਯਾਰੋ!

ਜਿਨਹੋਂ ਨੇ ਬਾਗ ਤੋ ਲਾਏ ਮਗਰ ਰਾਖੀ ਨਾ ਕਰ ਪਾਏ,
ਉਨ ਮਿਹਨਤ-ਕਸ਼ੋਂ ਕੀ, ਭਾਰੀ ਗ਼ਫ਼ਲਤ ਦੇਖਨਾ ਯਾਰੋ!

ਆਜ਼ਾਦੀ ਗੋਰੇ ਤਨ ਸੇ ਲੇਨੀ, ਕਾਲੇ ਮਨ ਸੇ ਨਾ ਲੇਨੀ,
ਦੂਰ-ਅੰਦੇਸ਼ੀ ਸੇ ਕੋਰੀ, ਯਿਹ ਹਸਰਤ ਦੇਖਨਾ ਯਾਰੋ!

ਮਜ਼੍ਹਬ ਕੋ ਅਪਨੇ ਸਾਂਚੇ ਢਾਲ ਕੇ, ਸਬ ਹੀ ਨੇ ਬਦਲਾ ਹੈ,
ਅਬ ਇਸ ਬੇਚਾਰੇ ਕੀ, ਬਿਗੜੀ ਸੂਰਤ ਦੇਖਨਾ ਯਾਰੋ!

ਕੱਲ੍ਹ ਕੀ ਸੱਚੀ ਬਾਤੋਂ ਪੇ, ਅਬ ਇਤਬਾਰ ਕਿਆ ਕਰਨਾ,
ਖੀਸਾ ਪੁਰ ਹੈ ਜਿਨਕਾ, ਉਨਕੀ ਨੀਅਤ ਦੇਖਨਾ ਯਾਰੋ।

ਉਨਕੀ ਯੇਹ ਮਜਾਲ ਕਿ ਵੋ ਬਨੇ ਹੈਂ ਰੱਬ ਕੇ ਰਖਵਾਲੇ,
ਕਹਾਂ ਸੇ ਮਿਲਤੀ ਹੈ ਉਨਕੋ, ਯੇਹ ਤਾਕਤ ਦੇਖਨਾ ਯਾਰੋ!

ਹੈ ਮਾਲੂਮ ਕਿ ਸਬ ਕੁਛ ਯਹੀਂ ਹਮ ਛੋੜ ਜਾਏਂਗੇ,
ਫਿਰ ਭੀ ਅਪਨਾ ਯੇ ਸਾਮਾਨ-ਏ-ਰੁਖ਼ਸਤ ਦੇਖਨਾ ਯਾਰੋ!

ਪਤਾ ਹੋਤੇ ਹੂਏ ਭੀ ਕਿ ਗ਼ਲਤ ਹੈ ਕਾਮ ਯੇਹ ਪ੍ਰੀਤਮ!
ਫਿਰ ਭੀ ਵੋਹੀ ਕਰਨੇ ਕੀ, ਯੇ ਫ਼ਿਤਰਤ ਦੇਖਨਾ ਯਾਰੋ!

ਤਤਕਰਾ

ਮੇਰੇ ਰੂਪ ਕੀ ਕਹਾਨੀ, ਇਕ ਰਾਤ ਕੀ ਕਹਾਨੀ,
ਮੇਰੀ ਰੂਹ ਕੀ ਕਹਾਨੀ, ਸਦਮਾਤ ਕੀ ਕਹਾਨੀ।

ਆਂਖੋਂ ਨੇ ਜੋ ਕਹੀ ਥੀ ਔਰ ਦਿਲ ਨੇ ਜੋ ਸੁਨੀ ਥੀ,
ਕਿਆ ਕਿਆ ਅਜ਼ਾਬ ਲਾਈ ਉਸ ਬਾਤ ਕੀ ਕਹਾਨੀ।

ਜੋ ਦਿਲੋਂ ਕੇ ਪੱਥਰੋਂ ਪੇ, ਬੇ-ਅਸਰ ਰਹਿ ਗਈ ਹੈ,
ਯਿਹ ਹੈ ਆਂਸੂਓਂ ਕੀ ਐਸੀ ਬਰਸਾਤ ਕੀ ਕਹਾਨੀ।

ਕੁਰਬਾਨ ਹੋਨੇ ਵਾਲੇ ਭਲਾ ਕਬ ਯਿਹ ਜਾਨਤੇ ਹੈਂ!
ਕਿ ਯਿਹ ਪਿਆਰ ਕੀ ਹੈ ਯਾ ਫਿਰ ਜਜ਼ਬਾਤ ਕੀ ਕਹਾਨੀ।

ਤਾਰੋਂ ਕੀ ਜਗਤੀ ਬੁਝਤੀ ਲੌਅ, ਕੁਛ ਤੋ ਕਹਿ ਰਹੀ ਹੈ,
ਸਮਝੇਂ ਤੋ ਕੈਸੇ ਸਮਝੇਂ! ਇਸ਼ਾਰਾਤ ਕੀ ਕਹਾਨੀ।

ਵੋਹ ਜੋ ਮੌਤ ਕੀ ਘੜੀ ਭੀ ਜੀਨੇ ਕੀ ਆਸ ਰੱਖੇ,
ਐਸੇ ਦਿਲ ਕੇ ਵਲਵਲੇ ਕੇ ਹਾਲਾਤ ਕੀ ਕਹਾਨੀ।

ਕੋਈ ਪਿਆਰ ਕਾ ਪੁਜਾਰੀ, ਕੋਈ ਪਿਆਰ ਕਾ ਵਪਾਰੀ,
ਯਿਹ ਭੀ ਹੈ ਅਪਨੀ ਅਪਨੀ ਔਕਾਤ ਕੀ ਕਹਾਨੀ।

ਵੋਹ ਜੋ ਪਿਆਰ ਕੇ ਨਸ਼ੇ ਮੇਂ, ਹੱਦ ਸੇ ਗੁਜ਼ਰ ਗਏ ਹੈਂ,
ਭਲਾ ਵੋਹ ਕਿਆ ਜਾਨਤੇ ਹੈਂ! ਖ਼ਰਾਬਾਤ ਕੀ ਕਹਾਨੀ।

ਇਨਸਾਂ ਕੀ ਕਤਲ-ਗਾਹ ਪੇ ਤਅੱਜੁਬ ਕਰੇਂ ਤੋ ਕਿਉਂ ਹਮ!
ਹੈਵਾਨੀਅਤ ਸੇ ਨਿਕਲੀ, ਇਸ ਜ਼ਾਤ ਕੀ ਕਹਾਨੀ।

ਸੰਗ-ਏ-ਕਬਰ ਕੀ ਤਰਫ਼ ਸੇ ਜੋ ਆਵਾਜ਼ ਆ ਰਹੀ ਹੈ,
ਯਿਹ ਹੈ ਮੌਤ ਕੀ ਕਹਾਨੀ ਯਾ ਹਯਾਤ ਕੀ ਕਹਾਨੀ!

ਜੋ ਬੜੀ ਡਰਾਵਨੀ ਹੈ ਔਰ ਬੜੀ ਹੀ ਦਿਲਚਸਪ ਹੈ,
ਯਿਹ ਕੌਨ ਕਹਿ ਰਹਾ ਹੈ! ਕਾਇਨਾਤ ਕੀ ਕਹਾਨੀ।

ਮੇਰੇ ਦਿਲ ਨੇ ਜੋ ਭੀ ਚਾਹਾ, ਉਸੇ ਪਾਯਾ ਯਾ ਨਾ ਪਾਯਾ,
ਮੇਰੀ ਚਾਹਤੇਂ ਹੈਂ ਮੇਰੇ ਨਗ਼ਮਾਤ ਕੀ ਕਹਾਨੀ।

ਤਤਕਰਾ

ਯੂੰ ਅਪਨੀ ਬਾਤ ਸੁਨਾ ਕੇ ਚਲੇ ਗਏ,
ਮੇਰੀ ਦੁਨੀਆਂ, ਹਿਲਾ ਕੇ ਚਲੇ ਗਏ।

ਖ਼ੁਦਾ ਕੇ ਬੰਦੋਂ ਕਾ ਚਲਨ ਤੋ ਦੇਖੋ!
ਸ਼ਹਿਰ ਕੋ ਖੰਡਰ ਬਨਾ ਕੇ ਚਲੇ ਗਏ।

ਫੂਲ, ਖ਼ੁਸ਼ਬੂ ਔ ਤਿਤਲੀਆਂ ਨਾ ਰਹੀਂ,
ਗੁਲ-ਏ-ਕਜ਼ਾ ਖਿਲਾ ਕੇ ਚਲੇ ਗਏ।

ਅਹਲੇ-ਜੰਨਤ ਕਹੀਂ ਪੇ ਹੋ ਕਿ ਨਾ ਹੋ,
ਜੋ ਮਿਲਾ ਉਸ ਕੋ ਮਿਟਾ ਕੇ ਚਲੇ ਗਏ।

ਰੂਹ-ਏ-ਸੁਬਹ ਕੇ ਦੌਰ ਮੇਂ ਗੁਜ਼ਰਾ ਥਾ ਜਬ ਕਭੀ,
ਅੰਗੜਾਈਆਂ ਲੇ ਰਹੀ ਥੀਂ ਮੇਰੀ ਖ਼ੁਵਾਹਿਸ਼ੇਂ ਸਭੀ।

ਯੇ ਤੋ ਅਦਾਓਂ ਕਾ ਹੈ ਅਸਰ, ਪਿਆਰ ਹੋ ਗਿਆ,
'ਹਾਂ' ਮੇਂ 'ਹਾਂ' ਮਿਲਾਈ ਥੀ ਨਜ਼ਰੋਂ ਨੇ ਜਿਸ ਘੜੀ।

ਵੋ ਆਏ, 'ਗਰ ਨਾ ਠਹਿਰੇ ਤੋ ਫਿਰ ਕਿਆ ਹੂਆ!
ਇਕ ਪਲ ਕੀ ਜ਼ਿੰਦਗੀ ਭੀ ਹੋਤੀ ਹੈ ਜ਼ਿੰਦਗੀ।

ਜ਼ਿੰਦਾ-ਦਿਲੀ ਸੇ ਦੂ.....ਰ ਵੋਹ ਲੇ ਜਾਏਗੀ ਤੁਮ੍ਹੇਂ,
ਹੱਦ-ਏ-ਸਕੂੰਨ ਕੀ ਤਲਬ ਕਰਨਾ ਨਾ ਤੁਮ ਕਭੀ।

ਹਰ ਪਿਆਸੀ ਰੂਹ ਮੇਂ ਭੀ ਇਕ ਖ਼ਾਸ ਕਸ਼ਿਸ਼ ਹੈ,
ਦਿਲਕਸ਼ੀ ਨਾ ਰਹੇਗੀ, ਅਗਰ ਪਿਆਸ ਨਾ ਰਹੀ।

ਪ੍ਰੀਤਮ! ਵੋਹ ਫੂਲ ਸੂਖ ਕਰ ਰਹਿਤਾ ਹੈ ਮਹਿਕਤਾ,
ਯਾਦੋਂ ਮੇਂ ਗ੍ਰਿਫ਼ਤ ਹੋ ਗਈ ਹੈ, ਜਿਸ ਕੀ ਤਾਜ਼ਗੀ।

ਤਤਕਰਾ